JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney

Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post



SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property

905-965-7474
www.SwitchInsurance.ca
7900 Hurontario St Suite 308, Brampton, ON L6Y 0P6




To view our online newspaper visit **punjabipost.ca/epaper** | Vol 22* Issue 98 | Friday, May 19, 2023 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*


## ਅੰਦਰ ਇਹ ਵੀ ਪੜ੍ਹੋ


**ਚਾਰ ਹਲਕਿਆਂ ਵਿੱਚ ਅਗਲੇ ਮਹੀਨੇ ਹੋਣਗੀਆਂ ਜ਼ਿਮਨੀ ਚੋਣਾਂ**


ਪੰਨਾ 03

**ਕੀ ਬਿਆਨ ਕਰਦਾ ਹੈ ਜਲੰਧਰ ਦੀ ਲੋਕ ਸਭਾ ਚੋਣ ਦਾ ਨਤੀਜਾ !**

ਜਤਿੰਦਰ ਪਨੂੰ ਦੀ ਕਲਮ ਤੋਂ

ਪੰਨਾ 06


## ਇਸ ਸਾਲ ਅਲਾਸਕਾ ਤੱਕ ਜਾਣਗੇ ਸਿੱਖ ਮੋਟਰਸਾਈਕਲ ਕਲੱਬ ਦੇ ਮੈਂਬਰ



ਓਨਟਾਰੀਓ, 18 ਮਈ (ਪੋਸਟ ਬਿਊਰੋ) : ਹਮੇਸ਼ਾਂ ਵਾਂਗ ਹੀ ਕੋਵਿਡ-19 ਵਰਗੀ ਮਹਾਂਮਾਰੀ ਵਿੱਚ ਵੀ ਸਿੱਖ ਮੋਟਰਸਾਈਕਲ ਕਲੱਬ ਨੇ ਹਰ ਪੱਖੋਂ ਕੈਨੇਡੀਅਨਜ਼ ਦੀ ਮਦਦ ਕੀਤੀ। ਇਸ ਦੇ ਨਾਲ ਹੀ ਕਲੱਬ ਵੱਲੋਂ ਫਰੰਟਲਾਈਨ ਵਰਕਰਜ਼ ਦੀ ਮਦਦ, ਹੜ੍ਹਾਂ ਤੋਂ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਕਰਨ ਤੇ ਹੋਰ ਲੋੜਵੰਦਾ ਲਈ ਮਦਦ ਦਾ ਹੱਥ ਅੱਗੇ ਵਧਾਉਣ ਤੋਂ ਕਦੇ ਟਾਲਾ ਨਹੀਂ ਵੱਟਿਆ ਗਿਆ। ਹੁਣ ਤੱਕ ਸਿੱਖ ਮੋਟਰਸਾਈਕਲ ਕਲੱਬ 1,047,000 ਡਾਲਰ ਦੀ ਮਦਦ ਮੁਹੱਈਆ ਕਰਵਾ ਚੁੱਕਿਆ ਹੈ। ਇਹ ਖੁਲਾਸਾ ਚੇਅਰਮੈਨ ਇੰਦਰਜੀਤ ਸਿੰਘ ਜਗਰਾਓਂ ਵੱਲੋਂ ਕੀਤਾ ਗਿਆ। ...ਬਾਕੀ ਪੰਨਾ 11 'ਤੇ

## ਫੋਰਡ ਸਰਕਾਰ ਨੇ ਪੀਲ ਰੀਜਨ ਨੂੰ ਭੰਗ ਕਰਨ ਦਾ ਕੀਤਾ ਐਲਾਨ

ਓਨਟਾਰੀਓ, 18 ਮਈ (ਪੋਸਟ ਬਿਊਰੋ) : ਫੋਰਡ ਸਰਕਾਰ ਵੱਲੋ ਪੀਲ ਰੀਜਨ ਨੂੰ ਭੰਗ ਕਰਨ ਦਾ ਐਲਾਨ ਆਖਿਰਕਾਰ ਕਰ ਹੀ ਦਿੱਤਾ ਗਿਆ। ਇਸ ਦੀ ਤਿਆਰੀ ਕਈ ਦਿਨਾਂ ਤੋਂ ਚੱਲ ਰਹੀ ਸੀ। ਹੁਣ 2025 ਤੱਕ ਮਿਸੀਸਾਗਾ, ਬਰੈਂਪਟਨ ਤੇ ਕੇਲਡਨ ਆਜ਼ਾਦ ਸਿਟੀਜ਼ ਬਣ ਜਾਣਗੇ।

ਮਿਊਂਸਪਲ ਅਫੇਅਰਜ਼ ਤੇ ਹਾਊਸਿੰਗ ਮੰਤਰੀ ਸਟੀਵ ਕਲਾਰਕ ਵੱਲੋਂ ਵੀਰਵਾਰ ਦੁਪਹਿਰ ਨੂੰ ਕੁਈਨਜ਼ ਪਾਰਕ ਵਿਖੇ ਇਸ ਸਬੰਧ ਵਿੱਚ ਬਿੱਲ ਪੇਸ਼ ਕੀਤਾ ਗਿਆ, ਜਿਸ ਨੂੰ ਹੇਜ਼ਲ ਮੈਕੈਲੀਅਨ ਐਕਟ ਦਾ ਨਾਂ ਦਿੱਤਾ ਗਿਆ। ਇਹ ਬਿੱਲ ਮਿਸੀਸਾਗਾ ਦੀ ਮਰਹੂਮ ਮੇਅਰ ਦੇ ਨਾਂ ਉੱਤੇ ਇਸ ਲਈ ਰੱਖਿਆ ਗਿਆ ਕਿਉਂਕਿ ਉਨ੍ਹਾਂ ਨੇ ਹੀ ਸਿਟੀ ਨੂੰ ਵੱਖ



ਕਰਨ ਦੀ ਲੜਾਈ ਸ਼ੁਰੂ ਕੀਤੀ ਸੀ। ਇਸ ਬਿੱਲ ਨਾਲ ਸਰਕਾਰ ਇਹ ਯਕੀਨੀ ਬਣਾ ਸਕੇਗੀ ਕਿ ਸਿਟੀਜ਼ ਨੂੰ ਵੱਖ ਕਰਨ ਦੀ ਪ੍ਰਕਿਰਿਆ ਜਾਇਜ਼ ਤੇ ਸੰਤੁਲਿਤ ਹੈ। ਇਸ ਕੰਮ ਲਈ ਟਰਾਂਜ਼ੀਸ਼ਨ ਬੋਰਡ ਵੀ ਕਾਇਮ ਕੀਤਾ ਜਾਵੇਗਾ।

ਬਰੈਂਪਟਨ ਵੱਲੋਂ ਰੀਜਨ ਲਈ 40 ਫੀ ਸਦੀ ਟੈਕਸ ਰੈਵਨਿਊ ਮੁਹੱਈਆ ਕਰਵਾਇਆ ਜਾਂਦਾ ਹੈ ਜਦਕਿ ਮਿਸੀਸਾਗਾ 45 ਫੀ ਸਦੀ ਟੈਕਸ ਰੈਵਨਿਊ ਮੁਹੱਈਆ ਕਰਵਾਉਂਦਾ ਹੈ। ਇਹ ਰਕਮ ਸਾਂਝੀਆਂ ਸਹੂਲਤਾਂ ਜਿਵੇਂ ਕਿ ਪੁਲਿਸ, ਵਾਟਰ ਟਰੀਟਮੈਂਟ, ਸੜਕਾਂ, ਗਾਰਬੇਜ ਕੁਲੈਕਸ਼ਨ ਤੇ ਹਾਊਸਿੰਗ ਸਪੋਰਟ ਲਈ ਵਰਤੀ ਜਾਂਦੀ ਹੈ। ਇੱਕ ਵਾਰੀ ਇਨ੍ਹਾਂ ਤਿੰਨਾਂ ਸਿਟੀਜ਼ ਦੇ ਆਜ਼ਾਦ ਹੋ ਜਾਣ ਤੋਂ ਬਾਅਦ ਇਹ ਸੇਵਾਵਾਂ ਵੀ ਸਬੰਧਤ ਮਿਊਂਸਪੈਲਿਟੀਜ਼ ਦੀ ਜ਼ਿੰਮੇਵਾਰੀ ਬਣ ਜਾਣਗੀਆਂ। ਵੀਰਵਾਰ ਨੂੰ ਅਧਿਕਾਰੀਆਂ ਨੇ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਇਹ ਲੋਕਲ ਸੇਵਾਵਾਂ ਇਸ ਵੱਡੀ ਤਬਦੀਲੀ ਦੌਰਾਨ ਬਿਨਾਂ ਕਿਸੇ ਅੜਿੱਕੇ ਦੇ ਚੱਲਦੀਆਂ ਰਹਿਣਗੀਆਂ।

## ਜੀ-7 ਆਗੂਆਂ ਦੀ ਸਿਖਰ ਵਾਰਤਾ ਲਈ ਟਰੂਡੋ ਜਾਪਾਨ ਪਹੁੰਚੇ




ਹਿਰੋਸ਼ਿਮਾ, ਜਾਪਾਨ, 18 ਮਈ (ਪੋਸਟ ਬਿਊਰੋ) : ਜੀ-7 ਆਗੂਆਂ ਦੀ ਹੋ ਰਹੀ ਸਿਖਰ ਵਾਰਤਾ ਵਿੱਚ ਹਿੱਸਾ ਲੈਣ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਹਿਰੋਸ਼ਿਮਾ, ਜਾਪਾਨ ਪਹੁੰਚ ਚੁੱਕੇ ਹਨ। ਇੱਥੇ ਉਨ੍ਹਾਂ ਵੱਲੋਂ ਜੀਓਪੁਲੀਟੀਕਲ ਅਸਥਿਰਤਾ ਖਿਲਾਫ ਕੌਮਾਂਤਰੀ ਸਹਿਯੋਗ ਵਧਾਉਣ ਦੇ ਆਰਥਿਕ ਸਕਿਊਰਿਟੀ ਵਿੱਚ ਵਾਧਾ ਕਰਨ ਲਈ ਆਪਣੇ ਹਮਰੁਤਬਾ ਅਧਿਕਾਰੀਆਂ ਉੱਤੇ ਦਬਾਅ ਪਾਇਆ ਜਾਵੇਗਾ। ਇਸ ਦੇ ਨਾਲ ਹੀ ਟਰੂਡੋ ਕਲਾਈਮੇਟ ਚੇਂਜ ਦੇ ਮੁੱਦੇ ਉੱਤੇ ਵੀ ਕੌਮਾਂਤਰੀ ਸਹਿਯੋਗ ਦੀ ਆਸ ਰੱਖਦੇ ਹਨ। ...ਬਾਕੀ ਪੰਨਾ 3 'ਤੇ


NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance

SIMRAN SAINI
416.994.7272
www.allkindinsurance.com


## ਸੜਕਾਂ ਨੂੰ ਵਧੇਰੇ ਸੁਰੱਖਿਅਤ ਬਣਾਉਣ ਲਈ ਬਰੈਂਪਟਨ ਅਪਣਾਵੇਗਾ ਨਵੀਂ ਪਹੁੰਚ

ਬਰੈਂਪਟਨ, 18 ਮਈ (ਪੋਸਟ ਬਿਊਰੋ): ਲੋਕਲ ਪੱਧਰ ਉੱਤੇ ਤੇਜ਼ ਰਫਤਾਰ ਨਾਲ ਗੱਡੀਆਂ ਚਲਾਉਣ ਤੇ ਅਸੁਰੱਖਿਅਤ ਡਰਾਈਵਿੰਗ ਨੂੰ ਠੱਲ੍ਹ ਪਾਉਣ ਲਈ ਬਰੈਂਪਟਨ ਵੱਲੋਂ ਨਵੀਂ ਪਹੁੰਚ ਅਪਣਾਈ ਜਾ ਰਹੀ ਹੈ। ਸਿਟੀ ਕਾਊਂਸਲ ਵੱਲੋਂ



ਪਿੱਛੇ ਜਿਹੇ ਟਰੈਫਿਕ ਨੂੰ ਸ਼ਾਂਤ ਕਰਨ ਲਈ ਬਜਟ ਵਿੱਚ ਵਾਧਾ ਕੀਤਾ ਗਿਆ। ਇਸ ਲਈ ਖਾਸਤੌਰ ਉੱਤੇ ਟਰੈਫਿਕ ਕੈਮਰਿਆਂ, ਰੋਡ ਡਾਈਟਸ, ਸਪੀਡ ਬੰਪਸ, ਫਲੈਕਸੀ ਸਾਈਨ ਤੇ ਸਪੀਡ ਘਟਾਉਣ ਵਾਲੇ ਪਾਸੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ...ਬਾਕੀ ਪੰਨਾ 11 'ਤੇ

## ਸਿਟੀ ਤੇ ਸ਼ੈਰੀਡਨ ਕਾਲਜ ਦਰਮਿਆਨ ਸਾਈਨ ਕੀਤੇ ਗਏ ਐਮਓਯੂ ਨਾਲ ਨਵੇਂ ਮੌਕਿਆਂ ਦੇ ਖੁੱਲ੍ਹਣਗੇ ਰਾਹ : ਕ੍ਰੌਂਬੀ

ਮਿਸੀਸਾਗਾ, 18 ਮਈ (ਪੋਸਟ ਬਿਊਰੋ) : ਆਪਣੇ ਚਿਰਾਂ ਤੋਂ ਚੱਲੇ ਆ ਰਹੇ ਨਿੱਘੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਸਿਟੀ ਆਫ ਮਿਸੀਸਾਗਾ ਤੇ ਸ਼ੈਰੀਡਨ ਕਾਲਜ ਵੱਲੋਂ ਨਵੇਂ ਐਮਓਯੂ (ਮੈਮੋਰੰਡਮ ਆਫ ਅੰਡਰਸਟੈਂਡਿੰਗ-ਵਰਕਿੰਗ ਟੁਗੈਦਰ)ਉੱਤੇ ਸਾਈਨ ਕੀਤੇ ਹਨ।



ਇਸ ਮੌਕੇ ਮੇਅਰ ਬੌਨੀ ਕ੍ਰੌਂਬੀ ਨੇ ਆਖਿਆ ਕਿ ਇਸ ਸਮਝੌਤੇ ਨਾਲ ਪਹਿਲਾਂ ਤੋਂ ਹੀ ਸਿਟੀ ਆਫ ਮਿਸੀਸਾਗਾ ਤੇ ਸ਼ੈਰੀਡਨ ਕਾਲਜ ਦੇ ਮਜ਼ਬੂਤ ਸਬੰਧਾਂ ਨੂੰ ਹੋਰ ਬਲ ਮਿਲੇਗਾ ਸਗੋਂ ਇਸ ਨਾਲ ਨਵੇਂ ਮੌਕਿਆਂ ਦੇ ਰਾਹ ਖੁੱਲ੍ਹਣਗੇ ਜਿਨ੍ਹਾਂ ਨਾਲ ਕਮਿਊਨਿਟੀ ਦੇ ਬਿਹਤਰ ਭਵਿੱਖ ਦੇ ਸੁਪਨੇ ਨੂੰ ਸਾਕਾਰ ਕੀਤਾ ਜਾ ਸਕੇਗਾ। ਵਿਦਿਆਰਥੀਆਂ ਨੂੰ ਕਾਫੀ ਕੁੱਝ ਨਵਾਂ ਸਿੱਖਣ ਨੂੰ ਮਿਲੇਗਾ, ਜਿਸ ਨਾਲ ਲੋਕਲ ਆਰਥਿਕ ਲੋੜਾਂ ਨੂੰ ਪੂਰਾ ਕਰਨ ਲਈ ਅਕਾਦਮਿਕ ਪਾਠਕ੍ਰਮ ਨਾਲ ਜੋੜਿਆ ਜਾ ਸਕੇਗਾ। ਇਸ ਦੇ ਨਾਲ ਹੀ ਸਿਟੀ ਵੱਲੋਂ ਨਿਵੇਕਲੇਪਣ, ਰੋਜ਼ਗਾਰ ਦੇ ਮੌਕੇ ਪੈਦਾ ਕਰਨ ਤੇ ਆਰਥਿਕ ਵਿਕਾਸ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਬੂਰ ਪਵੇਗਾ। ...ਬਾਕੀ ਪੰਨਾ 3 'ਤੇ


INSURANCE
- Home
- Business
- Life Insurance
- Auto
- Trucking
- Commercial

647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance

RANJIT GILL
Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

OURR HOME & APPLIANCES
Mother's Day SPECIAL
$1449* $2999* $4799*
*Limited Time Offer
KitchenAid moffat MAYTAG LG SAMSUNG Electrolux JENNAIR BOSCH Whirlpool
5781 Highway 7 Unit 10 Vaughan, ON L4L 1T8 (416) 477-5556 | 44 Fasken Dr, #2-9 Etobicoke, ON M9W 5M8 (416) 792-0877 | Unit #1, 241 Clarence St Brampton, On L6W 3E7 (416) 551-3343 | Unit #4 -1540 Fanshawe Park Road West London, On N6H 5L8 (519) 641-1010 | Unit #6 - 410 Lewis Road Stoney Creek, On L8E 5Y7 (905) 643-0818 | 1050 Speers Road Oakville, On L6L 2X4 (416) 613-0555
416-551-5553
WWW.OURRHOMEAPPLIANCES.COM

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance

(416-845-1352)
Manwinder Mangat
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

Law Office of Aman Sharma
- Real Estate
- Commercial Lease
- Business Purchase & Sale
- Notarizations & Affidavits
- Wills & Power Of Attorney

Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

HELPING YOU PLAN TODAY...FOR TOMORROW
- Supervisa / Visitor Insurance
- Life / Mortgage/Funeral Insurance
- Disability Insurance
- Critical Illness Insurance
- RESP / RRSP

www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations

www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons

Call : PARESH PATEL
(Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ

ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟਰਕਟਰ
647-998-7500 ਬਲਵਿੰਦਰ

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation

Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਲੱਗਦੀ ਬਾਤ ਕਰਨਾਟਕ ਵਿੱਚ ਸਿਰੇ ਲੱਗੀ,
ਲਿਆ ਈ ਕਾਂਗਰਸ ਨੇ ਕੰਮ ਨਿਬੇੜ ਬੇਲੀ।
ਸੀਟਾਂ ਜਿੱਤ ਗਏ ਬਾਹਲੇ ਸਨ ਕਾਂਗਰਸੀਏ,
ਜਿੱਤ ਦੇ ਨਸ਼ੇ ਕਰਵਾਇਆ ਸੀ ਭੇੜ ਬੇਲੀ।
ਚੱਲਦੀ ਚਰਚਾ ਕਰਨਾਟਕ ਦੀ ਗਈ ਦਿੱਲੀ,
ਕਈ-ਕਈ ਬੈਠਕਾਂ ਦੇ ਹੋ ਗਏ ਗੇੜ ਬੇਲੀ।
ਝੰਡੀ ਫਿਰ ਸਿੱਧਾਰਮੱਈਆ ਦੀ ਰਹੀਉੱਚੀ,
ਦਿੱਤੀ ਗਈ ਦੂਜੀ ਧਿਰ ਜੜ੍ਹੋਂ ਉਖੇੜ ਬੇਲੀ।
ਹੋ ਗਿਆ ਬੈਠ ਬਿਠਾਵਾ ਕੁਝ ਨਜ਼ਰ ਆਵੇ,
ਟਿਕ ਕੇ ਲੱਗੇ ਸ਼ਰੀਕ ਨਹੀਂ ਬਹਿਣ ਬੇਲੀ।
ਦਿੱਲੀ ਮੀਟਿੰਗਾਂ ਵਿੱਚ ਉੱਠੀ ਕੌੜ ਜਿਹੜੀ,
ਚੰਦ ਚਾੜ੍ਹਨ ਤੋਂ ਲੱਗੀ ਨਹੀਂ ਰਹਿਣ ਬੇਲੀ।

**ਤੀਸ ਮਾਰ ਖਾਂ**

# ਸਕੂਲਾਂ ਵਿੱਚ ਵੱਧ ਰਹੀ ਹਿੰਸਾ ਲਈ ਈਟੀਐਫਓ ਨੇ ਫੋਰਡ ਸਰਕਾਰ ਨੂੰ ਠਹਿਰਾਇਆ ਜ਼ਿੰਮੇਵਾਰ

ਓਨਟਾਰੀਓ, 18 ਮਈ (ਪੋਸਟ ਬਿਊਰੋ) : ਓਨਟਾਰੀਓ ਵਿੱਚ ਐਲੀਮੈਂਟਰੀ ਸਕੂਲ ਟੀਚਰਜ਼ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਦਾ ਕਹਿਣਾ ਹੈ ਕਿ ਸਕੂਲਾਂ ਵਿੱਚ ਹਿੰਸਾ ਹੁਣ ਆਮ ਗੱਲ ਬਣ ਗਈ ਹੈ। ਯੂਨੀਅਨ ਨੇ ਆਖਿਆ ਕਿ ਵਿਗੜ ਰਹੇ ਹਾਲਾਤ ਲਈ ਫੋਰਡ ਸਰਕਾਰ ਹੀ ਜ਼ਿੰਮੇਵਾਰ ਹੈ।

ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਇੱਕ ਸਰਵੇਖਣ ਦੀ ਜਾਰੀ ਹੋਈ ਰਿਪੋਰਟ ਵਿੱਚ ਆਖਿਆ ਗਿਆ ਕਿ ਐਲੀਮੈਂਟਰੀ ਟੀਚਰਜ਼ ਫੈਡਰੇਸ਼ਨ ਆਫ ਓਨਟਾਰੀਓ (ਈਟੀਐਫਓ) ਦੇ 77 ਫੀ ਸਦੀ ਮੈਂਬਰਾਂ ਨੇ ਹਿੰਸਾ ਨੂੰ ਜਾਂ ਤਾਂ ਆਪ ਝੱਲਿਆ ਹੈ ਤੇ ਜਾਂ ਫਿਰ ਦੂਜੇ ਸਟਾਫ ਮੈਂਬਰਾਂ ਉੱਤੇ ਹਿੰਸਾ ਹੁੰਦੀ ਵੇਖੀ ਹੈ। ਇਹ ਸਰਵੇਖਣ ਫਰਵਰੀ ਤੇ ਮਾਰਚ 2023 ਦਰਮਿਆਨ ਕਰਵਾਇਆ ਗਿਆ। ਈਟੀਐਫਓ ਅਨੁਸਾਰ ਫੋਰਡ ਸਰਕਾਰ ਵੱਲੋਂ ਘੱਟ ਫੰਡ ਦਿੱਤੇ ਜਾਣਾ ਹੀ ਇਸ ਹਿੰਸਾ ਦਾ ਕਾਰਨ ਹੈ। ਈਟੀਐਫਓ ਦੀ ਪ੍ਰੈਜ਼ੀਡੈਂਟ ਕੈਰਨ ਬ੍ਰਾਊਨ ਨੇ ਆਖਿਆ ਕਿ ਫੋਰਡ ਸਰਕਾਰ ਵੱਲੋਂ ਪਬਲਿਕ ਐਜੂਕੇਸ਼ਨ




ਵਿੱਚ ਸਹੀ ਢੰਗ ਨਾਲ ਨਿਵੇਸ਼ ਨਾ ਕੀਤੇ ਜਾਣ ਕਾਰਨ ਹੀ ਸਕੂਲਾਂ ਵਿੱਚ ਪੜ੍ਹਾਈ ਲਿਖਾਈ ਠੱਪ ਹੋਈ ਪਈ ਹੈ ਤੇ ਹਿੰਸਾ ਦਾ ਬੋਲਬਾਲਾ ਹੈ।

ਉਨ੍ਹਾਂ ਆਖਿਆ ਕਿ ਫੰਡਾਂ ਦੀ ਲੋੜੋਂ ਵੱਧ ਘਾਟ ਕਾਰਨ, ਸਟਾਫ ਪੂਰਾ ਨਾ ਹੋਣ ਕਾਰਨ ਤੇ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਨਾ ਹੋਣ ਕਾਰਨ ਇਹ ਸੱਭ ਵਾਪਰ ਰਿਹਾ ਹੈ। ਉਨ੍ਹਾਂ ਆਖਿਆ ਕਿ ਪ੍ਰੋਵਿੰਸ ਨੂੰ ਲਰਨਿੰਗ ਤੇ ਕੰਮ ਕਰਨ ਲਈ ਸਹੀ ਮਾਹੌਲ ਮੁਹੱਈਆ ਕਰਵਾਉਣਾ ਚਾਹੀਦਾ ਹੈ ਤਾਂ ਕਿ ਵਿਦਿਆਰਥੀ ਤੇ ਅਧਿਆਪਕ ਸ਼ਾਂਤੀ ਨਾਲ ਤੇ ਸੁਰੱਖਿਅਤ ਢੰਗ ਨਾਲ ਆਪਣਾ ਕੰਮ ਕਰ ਸਕਣ।

ਈਟੀਐਫਓ ਦੇ 86 ਫੀ ਸਦੀ ਮੈਂਬਰਾਂ ਨੇ ਆਖਿਆ ਕਿ ਉਨ੍ਹਾਂ ਨੇ ਆਪ ਹਿੰਸਾ ਹੰਢਾਈ ਹੈ ਤੇ ਜਾਂ ਕਿਸੇ ਸਟਾਫ ਮੈਂਬਰ ਉੱਤੇ ਹਿੰਸਾ ਹੁੰਦੀ ਵੇਖੀ ਹੈ। ਪੰਜਾਂ ਵਿੱਚੋਂ ਚਾਰਾਂ ਮੈਂਬਰਾਂ ਦਾ ਮੰਨਣਾ ਹੈ ਕਿ ਹਾਲਾਤ ਹੋਰ ਵਿਗੜ ਰਹੇ ਹਨ। ਇਹ ਵੀ ਆਖਿਆ ਗਿਆ ਕਿ ਮਹਾਂਮਾਰੀ ਦੇ ਸ਼ੁਰੂ ਹੋਣ ਤੋਂ ਬਾਅਦ ਹਿੰਸਾ ਵਿੱਚ ਹੋਰ ਵਾਧਾ ਹੋਇਆ।

ਇਸ ਉੱਤੇ ਓਨਟਾਰੀਓ ਦੇ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਵਿੱਚ ਨਿਵੇਸ਼ ਲਈ ਉਨ੍ਹਾਂ ਦੀ ਸਰਕਾਰ ਵਚਨਬੱਧ ਹੈ। ਉਨ੍ਹਾਂ ਆਖਿਆ ਕਿ ਅਸੀਂ ਸਮਝਦੇ ਹਾਂ ਕਿ ਮੰਗਾਂ ਵਿੱਚ ਵਾਧਾ ਹੋ ਰਿਹਾ ਹੈ ਤੇ ਹਿੰਸਾ ਦਾ ਸਾਡੇ ਸਕੂਲਾਂ ਉੱਤੇ ਵੀ ਅਸਰ ਪੈ ਰਿਹਾ ਹੈ।

ਉਨ੍ਹਾਂ ਆਖਿਆ ਕਿ ਇਸੇ ਲਈ ਪ੍ਰੋਵਿੰਸ ਵੱਲੋਂ ਮਾਨਸਿਕ ਸਿਹਤ ਸਬੰਧੀ ਫੰਡਿੰਗ ਵਿੱਚ ਕਾਫੀ ਵਾਧਾ ਕੀਤਾ ਗਿਆ ਹੈ। ਉਨ੍ਹਾ ਆਖਿਆ ਕਿ ਸਰਕਾਰ 2000 ਫਰੰਟਲਾਈਨ ਟੀਚਰਜ਼ ਦੀ ਭਰਤੀ ਕਰ ਰਹੀ ਹੈ ਤੇ ਸਤੰਬਰ ਤੋਂ ਸ਼ੁਰੂ ਹੋਣ ਜਾ ਰਹੇ ਸਮੈਸਟਰ ਲਈ 12 ਮਿਲੀਅਨ ਡਾਲਰ ਦੇ ਫੰਡ ਹੋਰ ਜਾਰੀ ਕੀਤੇ ਜਾ ਰਹੇ ਹਨ।

ਇਸ ਦੌਰਾਨ ਫੋਰਡ ਨੇ ਵੀ ਆਖਿਆ ਕਿ ਬੜੀ ਸ਼ਰਮ ਵਾਲੀ ਗੱਲ ਹੈ ਕਿ ਕਿਸੇ ਅਧਿਆਪਕ ਨੂੰ ਮਾਰਨਾ ਜਾਂ ਕਿਸੇ ਅਧਿਆਪਕ ਖਿਲਾਫ ਹਿੰਸਾ ਦੀ ਵਰਤੋਂ ਕਰਨਾ ਅੱਜ ਵੀ ਵਾਪਰ ਰਿਹਾ ਹੈ। ਉਨ੍ਹਾਂ ਆਖਿਆ ਕਿ ਇਮਾਨਦਾਰੀ ਦਾ ਸਬਕ ਬੱਚਿਆਂ ਨੂੰ ਘਰ ਤੋਂ ਹੀ ਮਿਲਦਾ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਠੱਲ੍ਹ ਪੈਣੀ ਚਾਹੀਦੀ ਹੈ।

## ਇਮਰਾਨ ਦੀ ਪਾਰਟੀ ਪੀਟੀਆਈ 'ਤੇ ਹਮੇਸ਼ਾ ਲਈ ਲੱਗਣ ਜਾ ਰਹੀ ਪਾਬੰਦੀ

ਇਸਲਾਮਾਬਾਦ, 18 ਮਈ (ਪੋਸਟ ਬਿਊਰੋ): ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀਆਂ ਮੁਸ਼ਕਿਲਾਂ ਘੱਟ ਹੋਣ ਦਾ ਨਾਮ ਨਹੀਂ ਲੈ ਰਹੀਆਂ ਹਨ। ਹੁਣ ਉਨ੍ਹਾਂ ਦੀ ਪਾਰਟੀ ਪਾਕਿਸਤਾਨ-ਤਹਿਰੀਕ-ਏ-ਇਨਸਾਫ਼ (ਪੀਟੀਆਈ)'ਤੇ ਉਮਰ ਭਰ ਲਈ ਪਾਬੰਦੀ ਲਗਾਉਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਜੇਕਰ ਅਜਿਹਾ ਹੁੰਦਾ ਹੈ ਤਾਂ ਇਮਰਾਨ ਸਮੇਤ ਉਨ੍ਹਾਂ ਦੀ ਪਾਰਟੀ ਦਾ ਕੋਈ ਵੀ ਆਗੂ ਇਸ ਪਾਰਟੀ ਦੇ ਬੈਨਰ ਹੇਠ ਚੋਣ ਨਹੀਂ ਲੜ ਸਕੇਗਾ। ਪਾਰਟੀ ਪ੍ਰਧਾਨ ਇਮਰਾਨ ਲਈ ਖੁਦ ਚੋਣ ਲੜਨਾ ਮੁਸ਼ਕਲ ਹੋ ਜਾਵੇਗਾ। ਜਦਕਿ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਸਰਕਾਰ ਨਾਲ ਇਮਰਾਨ ਦਾ ਮੁੱਖ ਵਿਵਾਦ ਪਾਕਿਸਤਾਨ ਵਿੱਚ ਜਲਦੀ ਤੋਂ ਜਲਦੀ ਚੋਣਾਂ ਕਰਵਾਉਣ ਨੂੰ ਲੈ ਕੇ ਹੈ। ਪਰ ਹੁਣ ਇਮਰਾਨ ਦਾ ਦਾਅ ਉਲਟਾ ਪੈ ਰਿਹਾ ਹੈ। ਪੀਟੀਆਈ 'ਤੇ ਅੱਤਵਾਦ ਦੇ ਗੰਭੀਰ ਦੋਸ਼ ਲਗਾਉਣ ਤੋਂ ਬਾਅਦ ਹੁਣ ਇਸ 'ਤੇ ਪਾਬੰਦੀ ਲਗਾਉਣ ਦੀਆਂ ਤਿਆਰੀਆਂ ਨੇ ਪਾਕਿਸਤਾਨ 'ਚ ਨਵੀਂ ਜੰਗ ਸ਼ੁਰੂ ਕਰਨ ਦਾ ਸੱਦਾ ਦਿੱਤਾ ਹੈ।

ਦੱਸ ਦੇਈਏ ਕਿ ਪਾਕਿਸਤਾਨ ਦੀ ਪੰਜਾਬ ਦੀ ਦੇਖਭਾਲ ਕਰਨ ਵਾਲੀ ਸਰਕਾਰ ਨੇ ਮੁੱਖ ਚੋਣ ਕਮਿਸ਼ਨਰ (ਸੀਈਸੀ) ਸਿਕੰਦਰ ਸੁਲਤਾਨ ਰਾਜਾ ਨੂੰ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਦੇ ਅੱਤਵਾਦ ਵਿੱਚ ਸ਼ਾਮਲ

### ਚੋਣ ਲੜਨੀ ਹੋਵੇਗੀ ਮੁਸ਼ਕਲ



ਹੋਣ ਦੇ ਸਬੂਤ ਸੌਂਪੇ ਹਨ, ਤਾਂ ਜੋ ਇਸ ਨੂੰ ਪਾਬੰਦੀਸ਼ੁਦਾ ਸੰਗਠਨ ਐਲਾਨਿਆ ਜਾ ਸਕੇ। ਮੀਡੀਆ ਰਿਪੋਰਟਾਂ 'ਚ ਇਹ ਜਾਣਕਾਰੀ ਦਿੱਤੀ ਗਈ ਹੈ। ਇਕ ਰਿਪੋਰਟ ਮੁਤਾਬਕ ਸੀਈਸੀ ਪੰਜਾਬ ਦੇ ਕਾਰਜਕਾਰੀ ਮੁੱਖ ਮੰਤਰੀ ਮੋਹਸਿਨ ਨਕਵੀ ਨੂੰ ਮਿਲਣ ਲਈ ਵੀਰਵਾਰ ਨੂੰ ਲਾਹੌਰ ਸਥਿਤ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਪਹੁੰਚੀ। ਇਸ ਦੌਰਾਨ ਉੱਚ ਪੱਧਰੀ ਬ੍ਰੀਫਿੰਗ ਸੈਸ਼ਨ ਆਯੋਜਿਤ ਕੀਤਾ ਗਿਆ। ਮੀਟਿੰਗ ਵਿੱਚ 9 ਮਈ ਦੀਆਂ ਅੱਤਵਾਦੀ ਘਟਨਾਵਾਂ ਦੀ ਸਖ਼ਤ ਨਿਖੇਧੀ ਕੀਤੀ ਗਈ ਅਤੇ ਪਾਕਿਸਤਾਨੀ ਫੌਜ ਨਾਲ ਪੂਰੀ ਇੱਕਜੁੱਟਤਾ ਦਾ ਪ੍ਰਗਟਾਵਾ ਕੀਤਾ ਗਿਆ। ਮੀਟਿੰਗ ਦੌਰਾਨ ਸੀਈਸੀ ਅਤੇ ਮੈਂਬਰਾਂ ਨੂੰ ਇੱਕ ਸਿਆਸੀ ਪਾਰਟੀ ਵੱਲੋਂ 9 ਮਈ ਦੀਆਂ 'ਅੱਤਵਾਦੀ' ਘਟਨਾਵਾਂ ਵਿੱਚ ਸ਼ਾਮਲ ਹੋਣ ਦੇ ਠੋਸ ਸਬੂਤ ਪੇਸ਼ ਕੀਤੇ ਗਏ, ਜਿਸ ਵਿੱਚ ਬ੍ਰੀਫਿੰਗ, ਤਸਵੀਰਾਂ, ਵੀਡੀਓ ਅਤੇ ਮੈਸੇਜਿੰਗ ਸਬੂਤ ਸ਼ਾਮਲ ਸਨ।

## ਸੁਪਰੀਮ ਕੋਰਟ ਵਲੋਂ ਰਿਵਾਇਤੀ ਬਲਦ ਦੌੜ ਜਲੀਕੱਟੂ 'ਤੇ ਪਾਬੰਦੀ ਲਗਾਉਣ ਤੋਂ ਇਨਕਾਰ

ਨਵੀਂ ਦਿੱਲੀ, 18 ਮਈ (ਪੋਸਟ ਬਿਊਰੋ): ਸੁਪਰੀਮ ਕੋਰਟ ਨੇ ਤਾਮਿਲ-ਨਾਡੂ ਵਿੱਚ ਰਵਾਇਤੀ ਬਲਦ ਦੌੜ ਜਲੀਕੱਟੂ 'ਤੇ ਪਾਬੰਦੀ ਲਗਾਉਣ ਤੋਂ ਇਨਕਾਰ ਕਰ ਦਿੱਤਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਜਲੀਕੱਟੂ ਨੂੰ ਸੱਭਿਆਚਾਰ ਦਾ ਹਿੱਸਾ ਕਰਾਰ ਦਿੱਤਾ ਹੈ ਤਾਂ ਅਸੀਂ ਇਸ 'ਤੇ ਵੱਖਰਾ ਨਜ਼ਰੀਆ ਨਹੀਂ ਦੇ ਸਕਦੇ। ਇਸ ਬਾਰੇ ਫੈਸਲਾ ਲੈਣ ਲਈ ਅਸੈਂਬਲੀ ਸਭ ਤੋਂ ਵਧੀਆ ਥਾਂ ਹੈ। ਸੁਪਰੀਮ ਕੋਰਟ ਨੇ ਤਾਮਿਲਨਾਡੂ ਸਰਕਾਰ ਵੱਲੋਂ ਕੇਂਦਰੀ ਕਰੂਏਲਟੀ ਟੂ ਐਨੀਮਲਜ਼ ਐਕਟ ਵਿੱਚ ਕੀਤੀ ਸੋਧ ਦੀ ਸੰਵਿਧਾਨਕ ਵੈਧਤਾ ਨੂੰ ਬਰਕਰਾਰ ਰੱਖਿਆ ਹੈ।

ਜਲੀਕੱਟੂ ਦੇ ਖਿਲਾਫ ਅਦਾਲਤ 'ਚ ਜਾਨਵਰਾਂ 'ਤੇ ਜ਼ੁਲਮ ਦਾ ਹਵਾਲਾ ਦਿੰਦੇ ਹੋਏ ਕਈ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ। ਪਰ ਸੁਪਰੀਮ ਕੋਰਟ ਨੇ ਜਲੀਕੱਟੂ ਦੀ ਇਜਾਜ਼ਤ ਦੇਣ ਵਾਲੇ ਕਾਨੂੰਨ ਨੂੰ ਬਰਕਰਾਰ ਰੱਖਿਆ ਹੈ। ਅਦਾਲਤ ਨੇ ਕਿਹਾ ਕਿ 2017 'ਚ ਪ੍ਰੀਵੈਨਸ਼ਨ ਆਫ ਕਰੂਅਲਟੀ ਟੂ



ਐਨੀਮਲਜ਼ ਐਕਟ 'ਚ ਸੋਧ ਕੀਤੀ ਗਈ ਸੀ। ਇਸ ਨਾਲ ਅਸਲ ਵਿੱਚ ਪਸ਼ੂਆਂ ਨੂੰ ਹੋਣ ਵਾਲੇ ਦੁੱਖਾਂ ਵਿੱਚ ਕਮੀ ਆਈ ਹੈ।

ਜਸਟਿਸ ਕੇਐਮ ਜੋਸੇਫ, ਅਜੈ ਰਸਤੋਗੀ, ਅਨਿਰੁਧ ਬੋਸ, ਰਿਸ਼ੀਕੇਸ਼ ਰਾਏ ਅਤੇ ਸੀਟੀ ਰਵੀਕੁਮਾਰ ਦੇ 5 ਜੱਜਾਂ ਦੇ ਬੈਂਚ ਨੇ ਮਹਾਰਾਸ਼ਟਰ ਵਿੱਚ ਬੈਲਗੱਡੀਆਂ ਦੀਆਂ ਦੌੜਾਂ, ਕਰਨਾਟਕ ਵਿੱਚ ਕਾਂਬਾਲਾ ਦੀ ਵੈਧਤਾ ਨੂੰ ਬਰਕਰਾਰ ਰੱਖਿਆ। ਇਸ ਬੈਂਚ ਨੇ 8 ਦਸੰਬਰ 2022 ਨੂੰ ਮਾਮਲੇ ਦੀ ਸੁਣਵਾਈ ਪੂਰੀ ਕਰਨ ਤੋਂ ਬਾਅਦ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਅੱਜ ਸਾਢੇ ਪੰਜ ਮਹੀਨਿਆਂ ਬਾਅਦ ਬੈਂਚ ਨੇ ਆਪਣਾ ਫੈਸਲਾ ਸੁਣਾਇਆ ਹੈ।

## ਅਮਰੀਕਾ ਜੀ7 'ਚ ਰੂਸ 'ਤੇ ਨਵੀਆਂ ਪਾਬੰਦੀਆਂ ਦਾ ਕਰੇਗਾ ਐਲਾਨ, ਕਈ ਕੰਪਨੀਆਂ ਨੂੰ ਕਰੇਗਾ ਬਲੈਕਲਿਸਟ

ਵਾਸ਼ਿੰਗਟਨ, 18 ਮਈ (ਪੋਸਟ ਬਿਊਰੋ): ਜਦੋਂ ਤੋਂ ਰੂਸ ਅਤੇ ਯੂਕਰੇਨ ਵਿਚਾਲੇ ਜੰਗ ਸ਼ੁਰੂ ਹੋਈ ਹੈ, ਉਦੋਂ ਤੋਂ ਅਮਰੀਕਾ ਸਮੇਤ ਕਈ ਹੋਰ ਦੇਸ਼ਾਂ ਨੇ ਰੂਸ 'ਤੇ ਪਾਬੰਦੀਆਂ ਲਗਾ ਦਿੱਤੀਆਂ ਹਨ। ਇੱਕ ਅਮਰੀਕੀ ਅਧਿਕਾਰੀ ਨੇ ਜਾਪਾਨ ਵਿੱਚ ਜੀ7 ਸ਼ਿਖਰ ਸੰਮੇਲਨ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਦੱਸਿਆ ਕਿ ਸੰਯੁਕਤ ਰਾਜ ਅਮਰੀਕਾ ਉਨ੍ਹਾਂ ਸਮਾਨਾਂ ਤੱਕ ਰੂਸ ਦੀ ਪਹੁੰਚ ਨੂੰ ਵਿਆਪਕ ਤੌਰ 'ਤੇ ਸੀਮਤ ਕਰਨ ਲਈ ਨਵੀਆਂ ਪਾਬੰਦੀਆਂ ਦਾ ਐਲਾਨ ਕਰੇਗਾ। ਉਸ ਨੇ ਕਿਹਾ ਕਿ ਅਮਰੀਕਾ ਦੇ ਇਸ ਸਾਲ ਜੀ7 'ਤੇ ਕੁਝ ਮੁੱਖ ਟੀਚੇ ਹੋਣਗੇ, ਹਾਲਾਂਕਿ, ਮੁੱਖ ਫੋਕਸ ਯੂਕਰੇਨ ਲਈ ਸਾਂਝਾ ਅਤੇ ਨਿਰੰਤਰ ਸਮਰਥਨ ਦਿਖਾਉਣ 'ਤੇ ਹੋਵੇਗਾ। ਅਮਰੀਕੀ ਪ੍ਰਸ਼ਾਸਨ ਦੇ ਇਕ ਅਧਿਕਾਰੀ ਨੇ ਕਿਹਾ ਕਿ ਅਸੀਂ ਰੂਸ ਨੂੰ ਜਵਾਬਦੇਹ ਬਣਾਉਣ ਲਈ ਕਈ ਕਾਰਵਾਈਆਂ ਕੀਤੀਆਂ ਹਨ। ਇਹਨਾਂ ਵਿੱਚ ਨਿਰਯਾਤ ਨਿਯੰਤਰਣ ਵਰਗੀਆਂ ਕਾਰਵਾਈਆਂ ਸ਼ਾਮਲ ਹਨ।

ਸੰਯੁਕਤ ਰਾਜ ਅਮਰੀਕਾ ਲਗਭਗ 70 ਰੂਸੀ ਕੰਪਨੀਆਂ ਅਤੇ ਸੰਗਠਨਾਂ ਨੂੰ ਬਲੈਕਲਿਸਟ ਕਰਨ ਦੀ ਯੋਜਨਾ ਬਣਾ ਰਿਹਾ ਹੈ। ਅਧਿਕਾਰੀ ਨੇ ਅੱਗੇ ਕਿਹਾ ਕਿ ਅਸੀਂ ਰੂਸ ਦੇ ਖਿਲਾਫ ਕਾਰਵਾਈ ਕਰਨਾ ਜਾਰੀ ਰੱਖਾਂਗੇ ਅਤੇ ਨਿਰਯਾਤ ਕੰਟਰੋਲ ਦਾ ਵਿਸਥਾਰ ਕਰਨਾ ਜਾਰੀ ਰੱਖਾਂਗੇ। ਅਮਰੀਕਾ ਦੁਆਰਾ ਵਿਅਕਤੀਆਂ, ਸੰਸਥਾਵਾਂ, ਜਹਾਜ਼ਾਂ ਅਤੇ ਜਹਾਜ਼ਾਂ ਦੇ ਖਿਲਾਫ 300 ਤੋਂ ਵੱਧ ਨਵੀਆਂ ਪਾਬੰਦੀਆਂ ਦਾ ਵੀ ਖੁਲਾਸਾ ਕੀਤਾ ਜਾਵੇਗਾ।

## ਪੀਐਮ ਮੋਦੀ ਦਾ ਅਮਰੀਕਾ ਦੌਰਾ ਭਾਰਤ ਦੀ ਫੌਜੀ ਤਾਕਤ ਵਧਾਉਣ ਲਈ ਅਹਿਮ, ਕਈ ਸਮਝੌਤਿਆਂ 'ਤੇ ਲੱਗ ਸਕਦੀ ਹੈ ਮੋਹਰ

ਵਾਸ਼ਿੰਗਟਨ, 18 ਮਈ (ਪੋਸਟ ਬਿਊਰੋ): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਗਲੇ ਮਹੀਨੇ ਭਾਵ ਜੂਨ 'ਚ ਅਮਰੀਕਾ ਦੇ ਅਧਿਕਾਰਤ ਦੌਰੇ 'ਤੇ ਜਾਣਗੇ। ਭਾਰਤ ਦੀ ਫੌਜੀ ਤਾਕਤ ਵਧਾਉਣ ਅਤੇ ਭਾਰਤ-ਅਮਰੀਕਾ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਲਿਹਾਜ਼ ਨਾਲ ਇਹ ਦੌਰਾ ਬਹੁਤ ਮਹੱਤਵਪੂਰਨ ਹੈ। ਦਰਅਸਲ, ਪੀਐਮ ਮੋਦੀ ਦੇ ਅਮਰੀਕਾ ਦੌਰੇ 'ਤੇ ਭਾਰਤ ਅਤੇ ਅਮਰੀਕਾ ਵਿਚਾਲੇ ਜੈੱਟ ਇੰਜਣ, ਲੰਬੀ ਦੂਰੀ ਦੇ ਹਥਿਆਰਾਂ ਅਤੇ ਬਖਤਰਬੰਦ ਵਾਹਨਾਂ ਅਤੇ ਟੈਂਕਾਂ ਦੇ ਸਾਂਝੇ ਨਿਰਮਾਣ 'ਤੇ ਇਕ ਮਹੱਤਵਪੂਰਨ ਸਮਝੌਤਾ ਹੋ ਸਕਦਾ ਹੈ। ਇਸ ਸਬੰਧੀ ਗੱਲਬਾਤ ਸ਼ੁਰੂ ਹੋ ਗਈ ਹੈ। ਇਸ ਦਾ ਮਤਲਬ ਇਹ ਹੈ ਕਿ ਜੋ




ਹਥਿਆਰ ਅਤੇ ਜੈੱਟ ਇੰਜਣ ਅਸੀਂ ਹੁਣ ਵਿਦੇਸ਼ਾਂ ਤੋਂ ਖਰੀਦਣੇ ਹਨ, ਅਸੀਂ ਭਵਿੱਖ ਵਿੱਚ ਅਮਰੀਕਾ ਨਾਲ ਮਿਲ ਕੇ ਬਣਾਵਾਂਗੇ।

ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਅਤੇ ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਨੇ ਮਿਲ ਕੇ ਪਿਛਲੇ ਸਾਲ ਇਨੀਸ਼ੀਏਟਿਵ ਆਨ ਕ੍ਰਿਟੀਕਲ ਐਂਡ ਐਮਰਜਿੰਗ ਟੈਕਨਾਲੋਜੀ (ਆਈਸੀਈਟੀ) ਸਕੀਮ ਦੀ ਸ਼ੁਰੂਆਤ ਕੀਤੀ ਸੀ। ਇਸ ਦੇ ਤਹਿਤ ਦੋਵੇਂ ਦੇਸ਼ ਮਹੱਤਵਪੂਰਨ ਅਤੇ ਉੱਭਰਦੀ ਤਕਨਾਲੋਜੀ ਦੇ ਖੇਤਰ ਵਿੱਚ ਸਹਿਯੋਗ ਕਰਨਗੇ। ਹੁਣ ਇਸ ਆਈਸੀਈਟੀ ਸਕੀਮ ਤਹਿਤ ਲੰਬੀ ਦੂਰੀ ਦੇ ਹਥਿਆਰਾਂ, ਜੈੱਟ ਇੰਜਣਾਂ ਅਤੇ ਬਖਤਰਬੰਦ ਵਾਹਨਾਂ ਅਤੇ ਟੈਂਕਾਂ ਦੇ ਵਿਕਾਸ ਬਾਰੇ ਵੀ ਚਰਚਾ ਕੀਤੀ ਜਾ ਰਹੀ ਹੈ।

ਪਿਛਲੇ ਸਾਲ ਮਈ 2022 ਵਿੱਚ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਜਾਪਾਨ ਦੀ ਰਾਜਧਾਨੀ ਟੋਕੀਓ ਵਿੱਚ ਮੁਲਾਕਾਤ ਕੀਤੀ ਸੀ। ਇਸ ਬੈਠਕ 'ਚ ਦੋਹਾਂ ਦੇਸ਼ਾਂ ਵਿਚਾਲੇ ਰਣਨੀਤਕ ਤਕਨੀਕ, ਸਰਕਾਰਾਂ ਵਿਚਕਾਰ ਰੱਖਿਆ ਉਦਯੋਗ ਸਹਿਯੋਗ ਅਤੇ ਵਪਾਰ ਅਤੇ ਸਿੱਖਿਆ ਸੰਸਥਾਵਾਂ 'ਚ ਸਹਿਯੋਗ ਵਧਾਉਣ 'ਤੇ ਸਹਿਮਤੀ ਬਣੀ ਸੀ।


**ਜ਼ਰੂਰੀ ਬੇਨਤੀ**

**ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਆਖੰਡ ਪਾਠ ਸਾਹਿਬ ਦਾ ਭੋਗ ੧੯ਓ**

**ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦਵਾਰਾ ਸਾਹਿਬ ਵਿਖੇ 26 ਮਈ ਦਿਨ ਸ਼ੁਕਰਵਾਰ ਨੂੰ ਸਵੇਰੇ 11 ਵਜੇ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 28 ਮਈ ਦਿਨ ਐਤਵਾਰ ਨੂੰ ਸਵੇਰ 11 ਵਜੇ ਭੋਗ ਪਾਏ ਜਾਣਗੇ। ਸਮੂਹ ਇਲਾਕਾ ਨਿਵਾਸੀ ਸਾਧ ਸੰਗਤ ਨੂੰ ਹੁੰਮ-ਹੁਮਾਕੇ ਪਹੁੰਚਣ ਦੀ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ।**

**ਵਧੇਰੇ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ:**

**ਧਰਮਿੰਦਰ ਸਿੰਘ ਸੂਚ 416-879-6824**

**ਪਰਮਜੀਤ ਸਿੰਘ ਸੂਚ 416-873-7508**

**ਸਰਬਜੀਤ ਸਿੰਘ ਸੂਚ 416-357-7667**

**ਗੁਰਮੇਲ ਸਿੰਘ ਸੂਚ 905-814-0756**



# ਚਾਰ ਹਲਕਿਆਂ ਵਿੱਚ ਅਗਲੇ ਮਹੀਨੇ ਹੋਣਗੀਆਂ ਜ਼ਿਮਨੀ ਚੋਣਾਂ

ਓਟਵਾ, 18 ਮਈ (ਪੋਸਟ ਬਿਊਰੋ) : ਅਗਲੇ ਮਹੀਨੇ ਚਾਰ ਫੈਡਰਲ ਰਾਈਡਿੰਗਜ਼ ਦੇ ਵੋਟਰ ਆਪਣੇ ਐਮਪੀਜ਼ ਦੀ ਚੋਣ ਲਈ ਜ਼ਿਮਨੀ ਚੋਣਾਂ ਵਿੱਚ ਹਿੱਸਾ ਲੈਣਗੇ।



ਐਤਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਤਿੰਨ ਪ੍ਰੋਵਿੰਸਾਂ ਦੀਆਂ ਖਾਲੀ ਸੀਟਾਂ ਨੂੰ ਭਰਨ ਲਈ 19 ਜੂਨ ਨੂੰ ਚਾਰ ਥਾਂਵਾਂ ਉੱਤੇ ਜ਼ਿਮਨੀ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਗਿਆ। ਮੈਨੀਟੋਬਾ ਵਿੱਚ ਵਿਨੀਪੈਗ ਸਾਊਥ ਸੈਂਟਰ ਰਾਈਡਿੰਗ ਉੱਤੇ ਲਿਬਰਲ ਉਮੀਦਵਾਰ ਬੈਨ ਕਾਰ ਦੀ ਜਿੱਤ ਤੈਅ ਮੰਨੀ ਜਾ ਰਹੀ ਹੈ ਕਿਉਂਕਿ ਇਸ ਸੀਟ ਉੱਤੇ ਉਨ੍ਹਾਂ ਦੇ ਪਿਤਾ, ਲੰਮੇਂ ਸਮੇਂ ਤੋਂ ਐਮਪੀ ਤੇ ਸਾਬਕਾ ਕੈਬਨਿਟ ਮੰਤਰੀ ਜਿੰਮ ਕਾਰ ਕਾਬਜ਼ ਸਨ, ਜਿਨ੍ਹਾਂ ਦੀ ਦਸੰਬਰ ਵਿੱਚ ਮੌਤ ਹੋ ਗਈ।

ਦੱਖਣੀ ਮੈਨੀਟੋਬਾ ਦੇ ਹਲਕੇ ਪੋਰਟੇਜ ਲਿਸਗਰ ਦੀ ਸੀਟ ਕੰਜ਼ਰਵੇਟਿਵ ਐਮਪੀ ਤੇ ਸਾਬਕਾ ਅੰਤਰਿਮ ਪਾਰਟੀ ਆਗੂ ਕੈਂਡਿਸ ਬਰਜਨ ਦੇ ਫਰਵਨੀ ਵਿੱਚ ਅਸਤੀਫਾ ਦਿੱਤੇ ਜਾਣ ਤੋਂ ਬਾਅਦ ਖਾਲੀ ਹੋ ਗਈ ਸੀ। ਇਸ ਸਾਲ ਅਕਤੂਬਰ ਵਿੱਚ ਪ੍ਰੋਵਿੰਸ਼ੀਅਲ ਚੋਣਾਂ ਤੋਂ ਪਹਿਲਾਂ ਬਰਜਨ ਮੈਨੀਟੋਬਾ ਪ੍ਰੋਗਰੈਸਿਵ ਕੰਜ਼ਰਵੇਟਿਵ ਚੋਣ ਮੁਹਿੰਮ ਦੀ ਕੋ-ਚੇਅਰ ਬਣਨ ਜਾ ਰਹੀ ਹੈ। 15 ਸਾਲ ਤੱਕ ਸਿਆਸਤ ਵਿੱਚ ਰਹਿਣ ਤੋਂ ਬਾਅਦ ਮਾਰਚ ਵਿੱਚ ਲਿਬਰਲ ਐਮਪੀ ਤੇ ਸਾਬਕਾ ਕੈਬਨਿਟ ਮੰਤਰੀ ਮਾਰਕ ਗਾਰਨਿਊ ਨੇ ਕਿਊਬਿਕ ਦੇ ਨੌਤਰੇ-ਦਾਮੇ-ਡੀ-ਗ੍ਰੇਸ-ਵੈਸਟਮਾਊਂਟ ਸੀਟ ਤੋਂ ਅਸਤੀਫਾ ਦੇ ਦਿੱਤਾ ਸੀ। ਉਹ ਐਸਟਰੋਨਾਟ ਵੀ ਰਹਿ ਚੁੱਕੇ ਹਨ।

ਦੱਖਣਪੱਛਮੀ ਓਨਟਾਰੀਓ ਦੇ ਹਲਕੇ ਆਕਸਫੋਰਡ ਤੋਂ ਕੰਜ਼ਰਵੇਟਿਵ ਐਮਪੀ ਡੇਵ ਮੈਕੇਂਜੀ ਜਨਵਰੀ ਵਿੱਚ ਪਾਸੇ ਹੋ ਗਏ ਸਨ। ਇਹ ਚਾਰੇ ਹਲਕੇ ਸਬੰਧਤ ਪਾਰਟੀਆਂ ਦਾ ਮਜ਼ਬੂਤ ਗੜ੍ਹ ਮੰਨੇ ਜਾ ਰਹੇ ਹਨ ਕਿਉਂਕਿ ਪਿੱਛੇ ਜਿਹੇ ਹੋਈਆਂ ਚੋਣਾਂ ਵਿੱਚ ਇਨ੍ਹਾਂ ਪਾਰਟੀਆਂ ਨੇ ਇੱਥੇ ਚੰਗੀ ਕਾਰਗੁਜ਼ਾਰੀ ਵਿਖਾਈ ਸੀ। ਇਲੈਕਸ਼ਨ ਕੈਨੇਡਾ ਨੇ ਐਤਵਾਰ ਨੂੰ ਦੱਸਿਆ ਕਿ ਇਨ੍ਹਾਂ ਚਾਰ ਹਲਕਿਆਂ ਵਿੱਚ 9 ਤੋਂ 12 ਜੂਨ ਨੂੰ ਐਡਵਾਂਸ ਪੋਲਿੰਗ ਸ਼ੁਰੂ ਕਰ ਦਿੱਤੀ ਜਾਵੇਗੀ।

ਇੱਥੇ ਦੱਸਣਾ ਬਣਦਾ ਹੈ ਕਿ ਅਲਬਰਟਾ ਦੇ ਕੰਜ਼ਰਵੇਟਿਵ ਐਮਪੀ ਬੌਬ ਬੈਨਜਨ ਵੱਲੋਂ ਪਿਛਲੇ ਸਾਲ ਦੇ ਅੰਤ ਵਿੱਚ ਕੈਲਗਰੀ ਹੈਰੀਟੇਜ ਹਲਕੇ ਤੋਂ ਅਸਤੀਫਾ ਦੇ ਦਿੱਤਾ ਗਿਆ ਸੀ। ਨਵੇਂ ਮੈਂਬਰ ਦੀ ਚੋਣ ਲਈ ਇੱਥੇ 2 ਜੁਲਾਈ ਨੂੰ ਜ਼ਿਮਨੀ ਚੋਣਾਂ ਹੋ ਸਕਦੀਆਂ ਹਨ।

# ਸਕੂਲ ਦੇ ਬਾਹਰ ਐਂਟੀ ਬਲੈਕ ਫਲਾਇਰਜ਼ ਮਿਲਣ ਮਗਰੋਂ ਤਿੰਨ ਟੀਨੇਜਰਜ਼ ਨੂੰ ਕੀਤਾ ਗਿਆ ਚਾਰਜ

ਦਰਹਾਮ, 18 ਮਈ (ਪੋਸਟ ਬਿਊਰੋ) : ਐਜੈਕਸ ਸਕੂਲ ਦੇ ਬਾਹਰ ਐਂਟੀ ਬਲੈਕ ਤੇ ਅਪਮਾਨ-ਜਨਕ ਤਸਵੀਰਾਂ ਵਾਲੇ ਫਲਾਇਰਜ਼ ਲਾਉਣ ਵਾਲੇ ਤਿੰਨ ਟੀਨੇਜਰਜ਼ ਨੂੰ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।



ਈਗਲ ਰਿੱਜ ਪਬਲਿਕ ਸਕੂਲ ਦੇ ਸਟਾਫ ਨੂੰ ਇਨ੍ਹਾਂ ਫਲਾਇਰਜ਼ ਬਾਰੇ 11 ਮਈ ਨੂੰ ਜਾਣਕਾਰੀ ਮਿਲੀ। ਕੁੱਝ ਵਿਦਿਆਰਥੀਆਂ ਨੇ ਪਾਇਆ ਕਿ ਇੱਕ ਫਲਾਇਰ ਸਕੂਲ ਦੀ ਪ੍ਰਾਪਰਟੀ ਉੱਤੇ ਲੱਗਿਆ ਹੋਇਆ ਸੀ। ਦਰਹਾਮ ਪੁਲਿਸ ਨੇ ਸਕੂਲ ਦੇ ਰਿਸੋਰਸ ਅਧਿਕਾਰੀਆਂ ਨਾਲ ਮਿਲ ਕੇ ਇਸ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਤੇ ਸਰਵੇਲੈਂਸ ਵੀਡੀਓ ਚੈੱਕ ਕਰਨ ਦੇ ਨਾਲ ਨਾਲ ਚਸ਼ਮਦੀਦਾਂ ਨਾਲ ਗੱਲਬਾਤ ਕਰਨੀ ਵੀ ਸ਼ੁਰੂ ਕੀਤੀ।

ਫਲਾਇਰ ਦੀ ਫੋਟੋ ਤੋਂ ਪਤਾ ਲੱਗਿਆ ਕਿ ਉਸ ਉੱਤੇ ਅਪਮਾਨਜਨਕ ਤਸਵੀਰਾਂ ਦੇ ਨਾਲ ਐਂਟੀ ਬਲੈਕ ਟਿੱਪਣੀਆਂ ਵੀ ਕੀਤੀਆਂ ਗਈਆਂ ਸਨ। ਹੋਰ ਜਾਣਕਾਰੀ ਲਈ ਲੋਕਾਂ ਨੂੰ ਜਿਨ੍ਹਾਂ ਨੰਬਰਾਂ ਉੱਤੇ ਕਾਲ ਕਰਨ ਲਈ ਆਖਿਆ ਗਿਆ ਸੀ ਉਹ ਦੋ ਕੁੜੀਆਂ ਦੇ ਸਨ, ਜਿਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਉਨ੍ਹਾਂ ਦੇ ਨੰਬਰ ਲਿਸਟਿਡ ਹਨ। ਮੁੱਢਲੀ ਜਾਂਚ, ਸਰਵੇਲੈਂਸ ਵੀਡੀਓ ਦਾ ਮੁਲਾਂਕਣ ਕਰਨ ਤੇ ਲੋਕਾਂ ਦੇ ਬਿਆਨ ਸੁਣਨ ਤੋਂ ਬਾਅਦ ਇਹੋ ਸਾਹਮਣੇ ਆਇਆ ਕਿ ਇਸ ਹਰਕਤ ਦਾ ਕਾਰਨ ਇਨ੍ਹਾਂ ਦੋਵਾਂ ਲੜਕੀਆਂ ਨੂੰ ਨੁਕਸਾਨ ਪਹੁੰਚਾਉਣਾ ਸੀ।

ਇਸ ਮਾਮਲੇ ਦੇ ਸਬੰਧ ਵਿੱਚ ਐਜੈਕਸ ਦੇ 15, 17 ਤੇ 18 ਸਾਲਾ ਟੀਨੇਜਰਜ਼ ਨੂੰ ਚਾਰਜ ਕੀਤਾ ਗਿਆ ਹੈ ਤੇ ਉਨ੍ਹਾਂ ਉੱਤੇ ਤੰਗ ਪਰੇਸ਼ਾਨ ਕਰਨ ਤੇ ਰਪੀਟ ਟੈਲੀਕਮਿਊਨਿਕੇਸ਼ਨਜ਼ ਰਾਹੀਂ ਪਰੇਸ਼ਾਨ ਕਰਨ ਦੇ ਚਾਰਜਿਜ਼ ਲਾਏ ਗਏ ਹਨ। ਇਸ ਮਾਮਲੇ ਦੀਆਂ ਸ਼ਿਕਾਰ ਲੜਕੀਆਂ ਦੀ ਹਿਫਾਜ਼ਤ ਲਈ 18 ਸਾਲਾ ਮਸ਼ਕੂਕ ਦੇ ਨਾਂ ਦਾ ਖੁਲਾਸਾ ਵੀ ਨਹੀਂ ਕੀਤਾ ਗਿਆ। ਯੂਥ ਕ੍ਰਿਮੀਨਲ ਜਸਟਿਸ ਐਕਟ ਕਾਰਨ ਬਾਕੀ ਦੋਵਾਂ ਦੇ ਨਾਂ ਵੀ ਨਹੀਂ ਲਏ ਜਾ ਸਕਦੇ।

# ਸ਼ੂਟਿੰਗ ਵਿੱਚ ਮਾਰੀ ਗਈ 24 ਸਾਲਾ ਮਹਿਲਾ ਦੀ ਹੋਈ ਪਛਾਣ

ਟੋਰਾਂਟੋ, 18 ਮਈ (ਪੋਸਟ ਬਿਊਰੋ) : ਉੱਤਰੀ ਇਟੋਬੀਕੋ ਵਿੱਚ ਸ਼ਨਿੱਚਰਵਾਰ ਦੇਰ ਰਾਤ ਗੋਲੀ ਲੱਗਣ ਕਾਰਨ ਜਿਸ ਮਹਿਲਾ ਦੀ ਮੌਤ ਹੋਈ ਸੀ ਟੋਰਾਂਟੋ ਪੁਲਿਸ ਵੱਲੋਂ ਉਸ ਦੀ ਪਛਾਣ ਕਰ ਲਈ ਗਈ ਹੈ।



ਇਹ ਸ਼ੂਟਿੰਗ ਹਾਈਵੇਅ 427 ਦੇ ਪੂਰਬ ਤੇ ਰੈਕਸਡੇਲ ਬੁਲੇਵਾਰਡ ਦੇ ਉੱਤਰ ਵੱਲੋਂ ਸਿਨਰਿਕਬਾਰ ਤੇ ਹੱਲਰਿੱਕ ਡਰਾਈਵਜ਼ ਨੇੜੇ ਹੰਬਰਵੁੱਡ ਇਲਾਕੇ ਵਿੱਚ ਰਾਤੀਂ 11:15 ਵਜੇ ਦੇ ਨੇੜੇ ਤੇੜੇ ਵਾਪਰੀ। ਮੌਕੇ ਉੱਤੇ ਸੱਦੇ ਗਏ ਅਧਿਕਾਰੀਆਂ ਨੂੰ ਇਸ ਇਲਾਕੇ ਵਿੱਚ ਇੱਕ ਪਾਰਕ ਕੀਤੀ ਗਈ ਗੱਡੀ ਮਿਲੀ, ਜਿਸ ਵਿੱਚ ਗੋਲੀਆਂ ਲੱਗਣ ਕਾਰਨ ਮੋਰੀਆਂ ਹੋਈਆਂ ਪਈਆਂ ਸਨ। ਐਤਵਾਰ ਨੂੰ ਪ੍ਰੈੱਸ ਰਲੀਜ਼ ਵਿੱਚ ਪੁਲਿਸ ਨੇ ਦੱਸਿਆ ਕਿ ਪੁਲਿਸ ਨੂੰ ਇੱਕ ਗੱਡੀ ਪਾਰਕ ਕੀਤੀ ਹੋਈ ਮਿਲੀ ਤੇ ਉਸ ਦੇ ਅੰਦਰ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਇੱਕ ਮਹਿਲਾ ਮਿਲੀ। ਉਸ ਨੂੰ ਬਚਾਉਣ ਲਈ ਅਧਿਕਾਰੀਆਂ ਵੱਲੋਂ ਫੌਰੀ ਕਾਰਵਾਈ ਕੀਤੀ ਗਈ ਤੇ ਬਾਅਦ ਵਿੱਚ ਪੈਰਾਮੈਡਿਕਸ ਨੇ ਆ ਕੇ ਵੀ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਮੌਕੇ ਉੱਤੇ ਹੀ ਮਹਿਲਾ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਐਤਵਾਰ ਨੂੰ ਪੁਲਿਸ ਨੇ ਦੱਸਿਆ ਕਿ ਮਹਿਲਾ ਟੋਰਾਂਟੋ ਦੀ 24 ਸਾਲਾ ਐਡੇਲ ਟੋਲੈਂਟਿਨੋ ਈਡ ਸੀ।

ਮਾਮਲੇ ਦੀ ਜਾਂਚ ਟੋਰਾਂਟੋ ਪੁਲਿਸ ਸਰਵਿਸਿਜ਼ ਦੀ ਹੋਮੀਸਾਈਡ ਯੂਨਿਟ ਨੇ ਆਪਣੇ ਹੱਥ ਲੈ ਲਈ ਹੈ। ਅਜੇ ਤੱਕ ਕਿਸੇ ਮਸ਼ਕੂਕ ਸਬੰਧੀ ਕੋਈ ਜਾਣਕਾਰੀ ਹਾਸਲ ਨਹੀਂ ਹੋਈ।

# ਪਿੱਕਅੱਪ ਟਰੱਕ ਤੇ ਮੋਟਰਸਾਈਕਲਾਂ ਦੀ ਟੱਕਰ ਵਿੱਚ 2 ਹਲਾਕ

ਓਨਟਾਰੀਓ, 18 ਮਈ (ਪੋਸਟ ਬਿਊਰੋ) : ਕੇਲਡਨ, ਓਨਟਾਰੀਓ ਵਿੱਚ ਵਾਪਰੇ ਹਾਦਸੇ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ। ਇਹ ਜਾਣਕਾਰੀ ਪੁਲਿਸ ਵੱਲੋਂ ਦਿੱਤੀ ਗਈ। ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਨੇ ਦੱਸਿਆ ਕਿ ਵੀਰਵਾਰ ਨੂੰ ਰਾਤੀਂ 9:00 ਵਜੇ ਉਨ੍ਹਾਂ ਨੂੰ ਹਾਈਵੇਅ 9 ਉੱਤੇ ਵਾਪਰੇ ਇਸ ਹਾਦਸੇ ਦੀ ਜਾਣਕਾਰੀ ਮਿਲੀ। ਉਨ੍ਹਾਂ ਦੱਸਿਆ ਕਿ ਹਾਦਸਾ ਇੱਕ ਪਿੱਕਅੱਪ ਟਰੱਕ ਤੇ ਦੋ ਮੋਟਰਸਾਈਕਲਾਂ ਦੀ ਟੱਕਰ ਕਾਰਨ ਵਾਪਰਿਆ। ਓਪੀਪੀ ਨੇ ਦੱਸਿਆ ਕਿ ਸ਼ੈਲਬਰਨ, ਓਨਟਾਰੀਓ ਦੇ ਇੱਕ 51 ਸਾਲਾ ਡਰਾਈਵਰ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਇੱਕ 52 ਸਾਲਾ ਮਹਿਲਾ ਨੂੰ ਏਅਰਲਿਫਟ ਕਰਕੇ ਟੋਰਾਂਟੋ ਦੇ ਹਸਪਤਾਲ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਦੀ ਵੀ ਮੌਤ ਹੋ ਗਈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਦੋ ਗੱਡੀਆਂ ਦੀ ਆਹਮੋ ਸਾਹਮਣੀ ਟੱਕਰ ਵਿੱਚ ਤਿੰਨ ਜ਼ਖ਼ਮੀ

ਓਨਟਾਰੀਓ, 18 ਮਈ (ਪੋਸਟ ਬਿਊਰੋ) : ਸੋਮਵਾਰ ਰਾਤ ਨੂੰ ਬਾਥਰਸਟ ਸਟਰੀਟ ਤੇ ਫਿਸ਼ਰਵਿੱਲ ਰੋਡ ਉੱਤੇ ਦੋ ਗੱਡੀਆਂ ਦੀ ਆਹਮੋ ਸਾਹਮਣੀ ਟੱਕਰ ਤੋਂ ਬਾਅਦ ਗੱਡੀ ਨੂੰ ਅੱਗ ਲੱਗ ਗਈ ਤੇ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ। ਤਿੰਨਾਂ ਨੂੰ ਇਲਾਜ ਲਈ ਹਸਪਤਾਲ ਲਿਜ-ਾਇਆ ਗਿਆ।



ਇਸ ਹਾਦਸੇ ਦੀ ਜਾਣਕਾਰੀ ਦੇ ਕੇ ਪੁਲਿਸ ਨੂੰ ਰਾਤੀਂ 7:40 ਉੱਤੇ ਇਲਾਕੇ ਵਿੱਚ ਸੱਦਿਆ ਗਿਆ। ਇੱਕ ਮਹਿਲਾ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਲੋਕਲ ਟਰੌਮਾ ਸੈਂਟਰ ਲਿਜਾਇਆ ਗਿਆ ਪਰ ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਇੱਕ ਹੋਰ ਮਹਿਲਾ ਨੂੰ ਲੋਕਲ ਹਸਪਤਾਲ ਲਿਜਾਇਆ ਗਿਆ ਤੇ ਉਸ ਨੂੰ ਮਾਮੂਲੀ ਸੱਟਾਂ ਲੱਗੀਆਂ ਦੱਸੀਆਂ ਜਾਂਦੀਆਂ ਹਨ।

ਇੱਕ ਬੱਚੇ ਨੂੰ ਵੀ ਗੰਭੀਰ ਜ਼ਖ਼ਮੀ ਹਾਲਤ ਵਿੱਚ ਸਿੱਕ ਕਿੱਡਜ਼ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਹਾਦਸੇ ਕਾਰਨ ਬਾਥਰਸਟ ਸਟਰੀਟ ਨੂੰ ਦੋਵਾਂ ਡਾਇਰੈਕਸ਼ਨਜ਼ ਤੋਂ ਬੰਦ ਕਰ ਦਿੱਤਾ ਗਿਆ ਹੈ। ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ।

# ਅਪ੍ਰੈਲ ਵਿਚ ਮਹਿੰਗਾਈ ਦਰ ਵਿਚ ਹੋਇਆ 4.4 ਫੀਸਦੀ ਵਾਧਾ : ਸਟੈਟਸਕੈਨ

ਓਟਵਾ, 18 ਮਈ (ਪੋਸਟ ਬਿਊਰੋ) : ਸਟੈਟੇਸਟਿਕਸ ਕੈਨੇਡਾ ਨੇ ਮੰਗਲਵਾਰ ਨੂੰ ਆਖਿਆ ਕਿ ਪਿਛਲੇ ਸਾਲ ਜੂਨ ਵਿੱਚ ਮਹਿੰਗਾਈ ਵਧਣ ਤੋਂ ਬਾਅਦ ਇਹ ਮਹਿੰਗਾਈ ਇਸ ਸਾਲ ਪਹਿਲੀ ਵਾਰੀ ਅਪਰੈਲ ਵਿੱਚ ਵਧੀ ਹੈ।



ਏਜੰਸੀ ਨੇ ਆਖਿਆ ਕਿ ਇੱਕ ਸਾਲ ਪਹਿਲਾਂ ਦੇ ਮੁਕਾਬਲੇ ਉਸ ਦਾ ਕੰਜ਼ਿਊਮਰ ਪ੍ਰਾਈਸ ਇੰਡੈਕਸ 4.4 ਫੀ ਸਦੀ ਵੱਧ ਸੀ ਜਦਕਿ ਮਾਰਚ ਵਿੱਚ ਇਹ 4.3 ਫੀ ਸਦੀ ਸੀ। ਸਟੈਟੇਸਟਿਕਸ ਕੈਨੇਡਾ ਨੇ ਆਖਿਆ ਕਿ ਜੂਨ 2022 ਵਿੱਚ 8.1 ਫੀ ਸਦੀ ਤੱਕ ਮਹਿੰਗਾਈ ਦਰ ਪਹੁੰਚਣ ਦਾ ਕਾਰਨ ਵੱਧ ਮਾਰਗੇਜ ਇੰਟਰਸਟ ਕੀਮਤਾਂ ਸਨ। ਇਨ੍ਹਾਂ ਕੀਮਤਾਂ ਵਿੱਚ ਹੋਰ ਵਾਧਾ ਕਿਰਾਇਆਂ ਦੀਆਂ ਕੀਮਤਾਂ ਵਿੱਚ ਹੋਏ 6.1 ਫੀ ਸਦੀ ਵਾਧੇ ਕਾਰਨ ਹੋਇਆ।

ਇਸ ਦੌਰਾਨ ਗਰੌਸਰੀ ਦੀਆਂ ਕੀਮਤਾਂ, ਜਿਨ੍ਹਾਂ ਉੱਤੇ ਬਰੀਕੀ ਨਾਲ ਨਜ਼ਰ ਰੱਖੀ ਜਾ ਰਹੀ ਹੈ, ਇੱਕ ਸਾਲ ਪਹਿਲਾਂ ਦੇ ਮੁਕਾਬਲੇ 9.1 ਫੀ ਸਦੀ ਵੱਧ ਚੁੱਕੀਆਂ ਹਨ। ਪਰ ਇਹ ਵਾਧਾ ਮਾਰਚ ਵਿੱਚ ਸਾਲ ਦਰ ਸਾਲ ਦੇ ਹਿਸਾਬ ਨਾਲ ਹੋਏ 9.7 ਫੀ ਸਦੀ ਵਾਧੇ ਨਾਲੋਂ ਘੱਟ ਸੀ। ਅਪਰੈਲ ਵਿੱਚ ਸਬਜ਼ੀਆਂ ਦੀਆਂ ਕੀਮਤਾਂ ਵਿੱਚ 8.8 ਫੀ ਸਦੀ ਵਾਧਾ ਦਰਜ ਕੀਤਾ ਗਿਆ ਜਦਕਿ ਮਾਰਚ ਵਿੱਚ ਇਹ ਵਾਧਾ 10.8 ਫੀ ਸਦੀ ਸੀ। ਕੌਫੀ ਤੇ ਚਾਹ ਦੀਆਂ ਕੀਮਤਾਂ ਵਿੱਚ ਵੀ ਮਾਰਚ ਵਿੱਚ ਹੋਏ 11.1 ਫੀ ਸਦੀ ਵਾਧੇ ਦੇ ਮੁਕਾਬਲੇ 6.4 ਫੀ ਸਦੀ ਵਾਧਾ ਰਿਕਾਰਡ ਕੀਤਾ ਗਿਆ।

ਗੈਸੋਲੀਨ ਦੀਆਂ ਕੀਮਤਾਂ ਵਿੱਚ ਅਪਰੈਲ ਦੇ ਮਹੀਨੇ 7.7 ਫੀ ਸਦੀ ਦੇ ਹਿਸਾਬ ਨਾਲ ਗਿਰਾਵਟ ਦਰਜ ਕੀਤੀ ਗਈ ਜਦਕਿ ਰੂਸ ਤੇ ਯੂਕਰੇਨ ਦੀ ਜੰਗ ਕਾਰਨ ਇੱਕ ਸਾਲ ਪਹਿਲਾਂ ਇਹ ਕੀਮਤਾਂ ਵੱਧ ਸਨ। ਅਪਰੈਲ ਵਿੱਚ ਗੈਸੋਲੀਨ ਦੀਆਂ ਕੀਮਤਾਂ ਵਿੱਚ ਮਾਰਚ ਦੇ ਮੁਕਾਬਲੇ 6.3 ਫੀ ਸਦੀ ਵਾਧਾ ਦਰਜ ਕੀਤਾ ਗਿਆ।

# ਸਕੂਲ ਦੇ ਪਲੇਅਗਰਾਊਂਡ ਵਿੱਚ ਤੇਜ਼ ਰਫਤਾਰ ਗੱਡੀ ਨੇ ਬੱਚੇ ਨੂੰ ਮਾਰੀ ਟੱਕਰ

ਮਾਰਖਮ, 18 ਮਈ (ਪੋਸਟ ਬਿਊਰੋ) :ਯੌਰਕ ਰੀਜਨਲ ਪੁਲਿਸ ਨੇ ਦੱਸਿਆ ਕਿ ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾ ਰਹੇ ਇੱਕ ਵਿਅਕਤੀ ਨੇ ਐਤਵਾਰ ਨੂੰ ਮਾਰਖਮ ਦੇ ਇੱਕ ਸਕੂਲ ਦੇ ਪਲੇਅਗ੍ਰਾਊਂਡ ਵਿੱਚ ਗੱਡੀ ਵਾੜ ਕੇ ਇੱਕ ਨੌਂ ਸਾਲਾ ਬੱਚੇ ਨੂੰ ਟੱਕਰ ਮਾਰ ਕੇ ਜ਼ਖ਼ਮੀ ਕਰ ਦਿੱਤਾ।



ਪੁਲਿਸ ਨੇ ਦੱਸਿਆ ਕਿ ਇਹ ਹਾਦਸਾ ਰਾਤੀਂ 8:35 ਉੱਤੇ ਬੈਕੇਟ ਐਵਨਿਊ ਵਿੱਚ ਹੋਇਆ। ਜਾਂਚਕਾਰਾਂ ਨੇ ਦੱਸਿਆ ਕਿ ਕਾਲੇ ਰੰਗ ਦੀ ਮਿਤਸੁਬਿਸ਼ੀ ਐਸਯੂਵੀ ਤੇਜ਼ ਰਫਤਾਰ ਨਾਲ ਦਰਵਾਜ਼ੇ ਨੂੰ ਤੋੜਦੀ ਹੋਈ ਪਲੇਅਗ੍ਰਾਊਂਡ ਵਿੱਚ ਦਾਖਲ ਹੋ ਗਈ ਤੇ ਬੱਚੇ ਨਾਲ ਜਾ ਟਕਰਾਈ। ਬੱਚੇ ਨੂੰ ਜ਼ਖ਼ਮੀ ਹਾਲਤ ਵਿੱਚ ਛੱਡ ਕੇ ਡਰਾਈਵਰ ਤੇਜ਼ ਰਫਤਾਰ ਨਾਲ ਗੱਡੀ ਨੂੰ ਉੱਥੋਂ ਭਜਾ ਕੇ ਲੈ ਗਿਆ। ਬਾਅਦ ਵਿੱਚ ਬੱਚੇ ਨੂੰ ਹਸਪਤਾਲ ਲਿਜ-ਾਇਆ ਗਿਆ। ਬੱਚੇ ਨੂੰ ਬਹੁਤੀਆਂ ਗੰਭੀਰ ਸੱਟਾਂ ਨਹੀਂ ਸਨ ਲੱਗੀਆਂ।

ਅੱਧੇ ਘੰਟੇ ਬਾਅਦ ਪੁਲਿਸ ਨੂੰ ਉਸੇ ਗੱਡੀ ਦੇ ਮਾਰਖਮ ਵਿੱਚ ਵਿੰਸਟਨ ਕਾਸਲ ਡਰਾਈਵ ਉੱਤੇ ਕਿਸੇ ਰਿਹਾਇਸ਼ੀ ਲਾਅਨ ਵਿੱਚ ਲੱਗੇ ਰੁੱਖ ਨਾਲ ਟਕਰਾਉਣ ਦੀ ਜਾਣਕਾਰੀ ਮਿਲੀ। ਪੁਲਿਸ ਜਦੋਂ ਮੌਕੇ ਉੱਤੇ ਪਹੁੰਚੀ ਤਾਂ ਇੱਕ ਪੁਰਸ਼ ਡਰਾਈਵਰ ਬੇਸੁੱਧ ਡਰਾਈਵਰ ਵਾਲੀ ਸੀਟ ਉੱਤੇ ਪਿਆ ਸੀ। ਗੱਡੀ ਨੂੰ ਕਾਫੀ ਨੁਕਸਾਨ ਪਹੁੰਚਿਆ ਤੇ ਮਸ਼ਕੂਕ ਨੂੰ ਗੱਡੀ ਕੱਟ ਕੇ ਬਾਹਰ ਕੱਢਿਆ ਗਿਆ ਤੇ ਹਿਰਾਸਤ ਵਿੱਚ ਲਿਆ ਗਿਆ। ਉਸ ਨੂੰ ਹਸਪਤਾਲ ਵੀ ਲਿਜਾਇਆ ਗਿਆ ਜਿੱਥੇ ਪਤਾ ਲੱਗਿਆ ਕਿ ਉਸ ਨੇ ਲੋੜੋਂ ਵੱਧ ਨਸ਼ਾ ਕੀਤਾ ਹੋਇਆ ਸੀ। ਟੋਰਾਂਟੋ ਦੇ 45 ਸਾਲਾ ਗਫਰੀਜੀਓ ਮਰੀਅਲ ਨੂੰ ਹਾਦਸੇ ਤੋਂ ਬਾਅਦ ਨਾ ਰੁਕਣ, ਖਤਰਨਾਕ ਡਰਾਈਵਿੰਗ ਤੇ ਨਸ਼ਾ ਕਰਕੇ ਗੱਡੀ ਚਲਾਉਣ ਲਈ ਚਾਰਜ ਕੀਤਾ ਗਿਆ ਹੈ।

# ਸਿਟੀ ਤੇ ਸ਼ੈਰੀਡਨ ਕਾਲਜ ਦਰਮਿਆਨ ਸਾਈਨ ਕੀਤੇ ਗਏ ਐਮਓਯੂ ਨਾਲ ਨਵੇਂ ਮੌਕਿਆਂ ਦੇ ਖੁੱਲ੍ਹਣਗੇ ਰਾਹ : ਕ੍ਰੌਂਬੀ

...ਪੰਨਾ 1 ਦਾ ਬਾਕੀ

ਰਲ ਕੇ ਅਸੀਂ ਨਵੇਂ ਨਿਵੇਸ਼ ਨੂੰ ਆਕਰਸ਼ਿਤ ਕਰ ਸਕਾਂਗੇ ਤੇ ਆਪਣੀ ਸਿਟੀ ਦੀ ਸਮਰੱਥਾ ਦੇ ਦਰਸ਼ਨ ਕਰਵਾ ਸਕਾਂਗੇ। ਕ੍ਰੌਂਬੀ ਨੇ ਆਖਿਆ ਕਿ ਇਨ੍ਹਾਂ ਸਾਰੀਆਂ ਗੱਲਾਂ ਨਾਲੋਂ ਵੀ ਪਰੇ ਇਸ ਭਾਈਵਾਲੀ ਵਿੱਚ ਮੁੱਖ ਤੌਰ ਉੱਤੇ ਵਿਦਿਆਰਥੀਆਂ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ ਜਿਸ ਨਾਲ ਅਸੀਂ ਨਵੇਂ ਟੇਲੈਂਟ ਦਾ ਨਿਰਮਾਣ ਕਰਾਂਗੇ ਤੇ ਆਉਣ ਵਾਲੇ ਸਮੇਂ ਵਿੱਚ ਵਿਦਿਆਰਥੀਆਂ ਨੂੰ ਰੋਜ਼ਗਾਰ ਦੇ ਨਵੇਂ ਮੌਕੇ ਮਿਲ ਸਕਣਗੇ ਤੇ ਕਾਰੋਬਾਰਾਂ ਨੂੰ ਵਧੀਆ ਟੇਲੈਂਟ ਮਿਲ ਸਕੇਗਾ।

ਇਹ ਨਵਾਂ ਸਮਝੌਤਾ ਪਹਿਲੀ ਜੂਨ, 2023 ਤੋਂ ਪ੍ਰਭਾਵੀ ਹੋਣ ਜਾ ਰਿਹਾ ਹੈ। ਇਸ ਦੌਰਾਨ ਸ਼ੈਰੀਡਨ ਦੀ ਪ੍ਰੈਜ਼ੀਡੈਂਟ ਤੇ ਵਾਈਸ ਚਾਂਸਲਰ ਡਾ. ਜੈਨੇਟ ਮੌਰੀਸਨ ਨੇ ਆਖਿਆ ਕਿ ਸ਼ੈਰੀਡਨ ਕਾਲਜ ਤੇ ਸਿਟੀ ਆਫ ਮਿਸੀਸਾਗਾ ਦੇ ਸਬੰਧ ਕਾਫੀ ਡੂੰਘੇ ਹਨ। ਸ਼ੈਰੀਡਨ ਕਾਰੋਬਾਰਾਂ, ਸਰਕਾਰਾਂ ਤੇ ਕਮਿਊਨਿਟੀਜ਼ ਦੀ ਲੰਮੇਂ ਸਮੇਂ ਤੋਂ ਨਵੇਕਲੇ ਹੱਲ ਕੱਢਣ ਦੇ ਮਾਮਲੇ ਵਿੱਚ ਮਦਦ ਕਰਦਾ ਰਿਹਾ ਹੈ। ਸਾਡੇ ਪ੍ਰੋਗਰਾਮ ਲੋਕਲ ਅਰਥਚਾਰੇ ਦੀਆਂ ਲੋੜਾਂ ਪੂਰੀਆਂ ਕਰਨ ਦੇ ਹਿਸਾਬ ਨਾਲ ਹੀ ਤਿਆਰ ਕੀਤੇ ਗਏ ਹਨ। ਇਸ ਦੇ ਨਾਲ ਹੀ ਅਸੀਂ ਆਪਣੇ ਵਿਦਿਆਰਥੀਆਂ ਦੀ ਸਫਲਤਾ ਦਾ ਵੀ ਪੂਰਾ ਧਿਆਨ ਰੱਖਦੇ ਹਾਂ। ਉਨ੍ਹਾਂ ਆਖਿਆ ਕਿ ਇੱਕ ਦਹਾਕੇ ਤੋਂ ਵੀ ਲੰਮੇਂ ਸਮੇਂ ਤੋਂ ਸਿਟੀ ਦੇ ਸ਼ੈਰੀਡਨ ਕਾਲਜ ਨਾਲ ਸਬੰਧਾਂ ਨੇ ਅਕਾਦਮਿਕ ਉਚਾਈਆਂ ਛੂਹਣ ਤੇ ਟੈਕਨੋਲਾਜੀਕਲ ਤੇ ਬਿਜ਼ਨਸ ਨਾਲ ਸਬੰਧੀ ਬੁਲੰਦੀਆ ਛੋਹਣ ਵਿੱਚ ਕੋਈ ਕਸਰ ਨਹੀਂ ਛੱਡੀ।

# ਜੀ-7 ਆਗੂਆਂ ਦੀ ਸਿਖਰ ਵਾਰਤਾ ਲਈ ਟਰੂਡੋ ਜਾਪਾਨ ਪਹੁੰਚੇ

...ਪੰਨਾ 1 ਦਾ ਬਾਕੀ

ਇਸ ਤੋਂ ਇਲਾਵਾ ਸਾਰੀ ਦੁਨੀਆਂ ਦੀਆਂ ਨਜ਼ਰਾਂ ਇਸ ਗੱਲ ਉੱਤੇ ਲੱਗੀਆਂ ਹੋਈਆਂ ਹਨ ਕਿ ਜੀ-7 ਦੇਸ਼ ਚੀਨ ਤੋਂ ਸੰਭਾਵੀ ਖਤਰੇ ਨਾਲ ਕਿਸ ਤਰ੍ਹਾਂ ਨਜਿੱਠਦੇ ਹਨ। ਜੀ-7 ਦੇਸ਼ਾਂ ਜਿਵੇਂ ਕਿ ਕੈਨੇਡਾ, ਅਮਰੀਕਾ, ਬ੍ਰਿਟੇਨ, ਜਰਮਨੀ, ਫਰਾਂਸ, ਇਟਲੀ ਤੇ ਜਾਪਾਨ, ਸਾਂਝੇ ਟੀਚਿਆਂ ਦੀ ਪ੍ਰਾਪਤੀ ਬਾਰੇ ਸਾਲਾਨਾ ਤੌਰ ਉੱਤੇ ਮੁਲਾਕਾਤ ਕਰਦੇ ਹਨ। ਇਸ ਵਾਰੀ ਦੇ ਏਜੰਡੇ ਵਿੱਚ ਸੱਤ ਮੁੱਖ ਮੁੱਦਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਵਿੱਚ ਜੀਓਪੁਲਿਟੀਕਲ ਤੇ ਗਲੋਬਲ ਸਕਿਊਰਿਟੀ ਦੇ ਮੁੱਦੇ, ਆਰਥਿਕ ਮਾਮਲੇ ਤੇ ਕਲਾਈਮੇਟ ਚੇਂਜ ਦੇ ਨਾਲ ਨਾਲ ਐਨਰਜੀ ਦਾ ਮਾਮਲਾ ਵੀ ਸ਼ਾਮਲ ਹੈ।

ਇਸ ਸਿਖਰ ਵਾਰਤਾ ਤੋਂ ਪਹਿਲਾਂ ਟਰੂਡੋ ਵੀਰਵਾਰ ਨੂੰ ਆਪਣੇ ਪਹਿਲੇ ਦੱਖਣੀ ਕੋਰੀਆਈ ਦੌਰੇ ਉੱਤੇ ਗਏ ਸਨ। ਇਸ ਮੌਕੇ ਦੋਵਾਂ ਮੁਲਕਾਂ ਵੱਲੋਂ ਅਹਿਮ ਮਿਨਰਲਜ਼ ਦੀ ਸਪਲਾਈ ਚੇਨ ਨੂੰ ਬਰਕਰਾਰ ਰੱਖਣ ਤੇ ਯੂਥ ਮੋਬਿਲਿਟੀ ਬਾਰੇ ਸਮਝੌਤੇ ਕੀਤੇ ਗਏ। ਜ਼ਿਕਰਯੋਗ ਹੈ ਕਿ ਕੈਨੇਡਾ ਆਪਣੇ ਰਵਾਇਤੀ ਪੱਛਮੀ ਭਾਈਵਾਲਾਂ ਤੋਂ ਇਲਾਵਾ ਇਸ ਵਾਰੀ ਦੱਖਣੀ ਕੋਰੀਆ ਤੇ ਜਾਪਾਨ ਨਾਲ ਵੀ ਸਾਂਝ ਵਧਾਉਣੀ ਚਾਹੁੰਦਾ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਕੈਮਬਰਿਜ ਗੁਰਦਵਾਰਾ ਸਾਹਿਬ ਵਿਖੇ ਸਰਬੱਤ ਦੇ ਭਲੇ ਲਈ ਸਮਾਗਮ ਕਰਵਾਇਆ









ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੈਂਬਰਿਜ਼ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਰਬੱਤ ਦੇ ਭਲੇ ਲਈ ਵਿਸ਼ੇਸ਼ ਸਮਾਗਮ ਕਰਵਾਏ ਗਏ ਜਿਸ ਦੌਰਾਨ ਪੰਥ ਪ੍ਰਸਿੱਧ ਕੀਰਤਨੀਏ ਸੰਤ ਅਨੂਪ ਸਿੰਘ ਊਨਾ ਵਾਲਿਆਂ ਨੇ ਸੰਗਤਾਂ ਨੂੰ ਕੀਰਤਨ ਰਾਹੀਂ ਗੁਰੂ ਚਰਨਾਂ ਨਾਲ ਜੋੜਿਆ ਸੰਗਤਾਂ ਨੂੰ ਗੁਰਬਾਣੀ ਗੁਰੂ ਦੇ ਲੜ ਲਗਣ ਦੀ ਪ੍ਰੇਰਨਾ ਕੀਤੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਉਹਨਾਂ ਦੇ ਜੱਥੇ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸਮਾਗਮ ਦੌਰਾਨ ਹੈਡ ਗ੍ਰੰਥੀ ਭਾਈ ਜੈਦੀਪ ਸਿੰਘ ਫਗਵਾੜਾ, ਹਜ਼ੂਰੀ ਕੀਰਤਨੀਏ ਭਾਈ ਸੁਖਜੀਵਨ ਸਿੰਘ ਝੰਡੇਰ ਅਤੇ ਭਾਈ ਗੁਰਪ੍ਰੀਤ ਸਿੰਘ ਦੇ ਜੱਥੇਆਂ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ ਗੁਰੂ ਕਾ ਲੰਗਰ ਅਟੁੱਟ ਵਰਤਿਆ।

# ਨਕੋਦਰ ਵਿਖੇ ਮਨਧੀਰ ਕੌਰ ਮੰਨੂ 'ਮਾਣ ਪੰਜਾਬ ਦਾ ਅਵਾਰਡ' ਨਾਲ ਸਨਮਾਨਿਤ







ਨਕੋਦਰ 18 ਮਈ (ਗਿਆਨ ਸਿੰਘ): ਗੁਰੂ ਨਾਨਕ ਨੈਸ਼ਨਲ ਕਾਲਜ ਫਾਰ ਵੋਮੈਨ,ਯੂਥ ਵੈਲਫੇਅਰ ਕਲੱਬ ਵਲੋਂ ਐਨ. ਸੀ. ਸੀ. ਵਿਭਾਗ ਦੇ ਸਹਿਯੋਗ ਨਾਲ ਵਿਸ਼ੇਸ਼ ਸਨਮਾਨ ਮਾਣ ਪੰਜਾਬ ਦਾ ਪ੍ਰੋਗਰਾਮ ਆਜੋਜਿਤ ਕੀਤਾ ਗਿਆ ਜਿਸ ਵਿਚ ਕੈਨੇਡਾ ਤੋਂ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਮੈਡਮ ਮਨਧੀਰ ਕੌਰ ਮੰਨੂ ਸੀ.ਈ.ਓ.ਰੇਡੀਓ/ਟੀਵੀ ਆਪਣਾ, ਵਿੰਨੀਪੈਗ ਕਨੇਡਾ ਪਿਛਲੇ ਤਿੰਨ ਦਹਾਕਿਆਂ ਤੋ ਵੱਖ ਵੱਖ ਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ ਪੰਜਾਬ ਦੇ ਸਭਿਆਚਾਰਕ ਵਿਰਸੇ ਨਾਲ ਜੋੜਨ ਲਈ ਕੀਤੇ ਜਾ ਯਤਨਾਂ ਦੀ ਸਲਾਘਾ ਕਰਦਿਆਂ ਕਾਲਜ ਪ੍ਰਬੰਧਕ ਕਮੇਟੀ ਦੇ ਖਜ਼ਾਨਚੀ ਸ ਸੁਖਬੀਰ ਸਿੰਘ ਸੰਧੂ, ਸਕੱਤਰ ਅਤੇ ਸੀਨੀਅਰ ਉਪ ਪ੍ਰਧਾਨ ਨਗਰ ਕੌਂਸਲ ਨਕੋਦਰ ਸ ਗੁਰਪ੍ਰੀਤ ਸਿੰਘ ਸੰਧੂ , ਸ ਬੂਟਾ ਸਿੰਘ, ਕਾਰਜਕਾਰੀ ਪ੍ਰਿੰਸੀਪਲ ਮੈਡਮ ਹਰਜੀਤ ਕੌਰ, ਯੂਥ ਵੈਲਫੇਅਰ ਕਲੱਬ ਦੇ ਪ੍ਰਧਾਨ ਸ ਜਸਪ੍ਰੀਤ ਸਿੰਘ ਢਿੱਲੋਂ ਤੇ ਕਲੱਬ ਮੈਂਬਰਾਂ ਵਲੋਂ "ਮਾਣ ਪੰਜਾਬ ਦਾ ਅਵਾਰਡ" ਦੇ ਕੇ ਸਨਮਾਨਿਤ ਕੀਤਾ ਗਿਆ । ਮਨਧੀਰ ਕੌਰ ਮੰਨੂ ਸੰਬੋਧਨ ਕਰਦਿਆਂ ਕਿਹਾ ਕਿ ਉਹ ਪੰਜਾਬੀ ਸੱਭਿਆਚਾਰ ਨੂੰ ਉਭਾਰਨ ਲਈ ਕੰਮ ਕਰ ਰਹੇ ਹਨ। ਉਹਨਾ ਨੇ ਵਿਦਿਆਰਥਣਾਂ ਨੂੰ ਆਪਣੇ ਪੰਜਾਬੀ ਸੱਭਿਆਚਾਰ ਨਾਲ ਜੁੜਣ ਲਈ ਪ੍ਰੇਰਿਤ ਕੀਤਾ ।ਉਹਨਾਂ ਕਿਹਾ ਕਿ ਉਹਨਾਂ ਨੇ ਰੇਡੀਓ ਰਾਂਹੀ ਪੰਜਾਬੀਆਂ ਨੂੰ ਆਪਣੇ ਵਿਰਸ਼ੇ ਨਾਲ ਜੋੜੀ ਰੱਖਣ ਲਈ ਯਤਨ ਆਰੰਭ ਕੀਤਾ ਸੀ, ਅੱਜ ਉਹਨਾਂ ਵਲੌ ਕੀਤੇ ਯਤਨਾਂ ਦੀ ਪ੍ਰਸੰਸਾ ਕਰਦੇ ਹੋਏ ਆਪਣੇ ਪੰਜਾਬ ਅੰਦਰ ਅਵਾਰਡ ਪ੍ਰਾਪਤ ਕਰਕੇ ਬੇਹੱਦ ਖੁਸ਼ੀ ਹੋ ਰਹੀ ਹੈ। ਉਹਨਾਂ ਦੱਸਿਆ ਕਿ ਕੁਝ ਦਿਨ ਪਹਿਲਾਂ ਲੁਧਿਆਣਾ ਵਿਖੇ "ਧੀ ਪੰਜਾਬ ਦੀ" ਅਤੇ ਮੋਗਾ ਵਿਖੇ "ਜੱਸਾ ਸਿੰਘ ਰਾਮਗੜ੍ਹੀਆ ਅਵਾਰਡ", ਚੰਡੀਗੜ੍ਹ, ਜਲੰਧਰ, ਅੰਮ੍ਰਿਤਸਰ ਤੇ ਹੋਰ ਸਹਿਰਾਂ ਵਿਚ ਵੀ ਸਨਮਾਨ ਹੋਇਆ। ਉਹਨਾਂ ਫਖ਼ਰ ਨਾਲ ਦੱਸਿਆ ਕਿ ਪਾਕਿਸਤਾਨ ਵਿਚ ਪੰਜਾਬੀ ਵਿਰਸੇ ਨਾਲ ਜੁੜੇ ਲੋਕਾਂ ਨੇ ਅਥਾਹ ਪਿਆਰ ਜਤਾਇਆ ਤੇ ਸਨਮਾਨ ਕੀਤਾ। ਵਿੱਦਿਆਰਥੀਆਂ/ਕੈਡਟਸ ਵਲੋਂ ਸੱਭਿਆਚਾਰਕ ਗੀਤ ਗਾਏ, ਜਿਸ ਤੋਂ ਖੁਸ਼ ਹੋ ਕੇ ਮੁਖ ਮਹਿਮਾਨ ਮੈਡਮ ਮੰਨੂ ਵਲੋਂ ਵਿਦਿਆਰਥਣਾਂ ਨੂੰ ਨਕਦ ਇਨਾਮ ਵੀ ਦਿੱਤੇ ਗਏ । ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਮੈਡਮ ਹਰਜੀਤ ਕੌਰ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਯੂਥ ਵੈਲਫੇਅਰ ਕਲੱਬ ਵਲੋਂ ਕੀਤੇ ਗਏ ਯਤਨ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਵਿੱਦਿਆਰਥੀਆਂ/ ਵਿਦਿਆਰਥਣਾਂ ਲਈ ਅਜਿਹੇ ਪ੍ਰੋਗਰਾਮ ਲਾਹੇਵੰਦ ਅਤੇ ਬੌਧਿਕ ਵਿਕਾਸ ਸਿੱਧ ਹੋ ਸਕਦੇ ਹਨ। ਇਸ ਮੌਕੇ ਮੁੱਖ ਮਹਿਮਾਨ ਮਨਧੀਰ ਕੌਰ ਮੰਨੂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਗਿਆ । ਪ੍ਰੋਗਰਾਮ ਵਿਚ ਕਲੱਬ ਮੈਂਬਰ ਸੀਮਾ ਜੈਨ, ਜਗਦੀਪ ਕੌਰ, ਗੁਰਦਿਆਲ ਸਿੰਘ ਭਾਟੀਆ, ਡਾ ਮਦਨ ਗਿੱਲ, ਪਰਮਜੀਤ ਸਿੰਘ ਜੇ ਈ, ਪ੍ਰੋ ਸੁਨੀਲ ਕੁਮਾਰ, ਸਰਦਾਰ ਚਰਨਜੀਤ ਸਿੰਘ, ਮੈਡਮ ਸ਼ਸ਼ੀ ਕਾਂਤਾ ਵੀ ਹਾਜ਼ਿਰ ਸਨ। ਮੰਚ ਸੰਚਾਲਨ ਤੇ ਸਾਰਾ ਪ੍ਰੋਗਰਾਮ ਲੇਫ਼ਟੀਨੈਂਟ ਮੈਡਮ ਸੁਨੀਤਾ ਦੇਵੀ ਨੇ ਕੀਤਾ।

# ਪਰਿਵਾਰ ਸਮਾਜ ਦੀ ਨੀਂਹ ਹੁੰਦਾ ਹੈ-ਪਰ ਰਿਸ਼ਤੇ ਟੁੱਟ ਰਹੇ ਹਨ ਕਿਉਂ ?

ਸੁਰਜੀਤ ਸਿੰਘ ਫਲੋਰਾ

ਅੱਜ 15 ਮਈ ਨੂੰ ਅੰਤਰਰਾਸ਼ਟਰੀ ਪਰਿਵਾਰ ਦਿਵਸ ਵਜੋਂ ਮਨਾਇਆ ਜਾਂਦਾ ਹੈ। ਪਰਿਵਾਰ ਹੋਣਾ ਇੱਕ ਖੁਸ਼ੀ ਦੀ ਗੱਲ ਹੈ। ਕੋਈ ਵੀ ਆਪਣੇ ਪਰਿਵਾਰ ਤੋਂ ਬਿਨਾਂ ਇੱਕ ਦਿਨ ਦੀ ਕਲਪਨਾ ਵੀ ਨਹੀਂ ਕਰ ਸਕਦਾ।

ਜਦ ਇਕ ਬੱਚਾ ਪਰਿਵਾਰ'ਚ ਜਨਮ ਲੈਂਦਾ ਹੈ, ਉਹ ਹੌਲੀ ਹੌਲੀ ਪਰਿਵਾਰ ਵਿੱਚ ਇੱਕ ਬਾਲਗ ਬਣਨਾ ਸਿੱਖਦਾ ਹੈ। ਪਰਿਵਾਰ ਪਹਿਲਾ ਸਕੂਲ ਹੁੰਦਾ ਹੈ ਜਿੱਥੇ ਬੱਚੇ ਪਿਆਰ, ਦਿਆਲਤਾ, ਸਤਿਕਾਰ ਅਤੇ ਇਨਸਾਨੀਅਤ ਸਿੱਖਦੇ ਹਨ। ਮਾਪਿਆਂ ਦੁਆਰਾ ਸਹੀ ਦਖਲਅੰਦਾਜ਼ੀ ਨਾਲ ਇੱਕ ਚੰਗੀ ਪਰਵਰਿਸ਼ ਨਿਰਸੰਦੇਹ ਇੱਕ ਵਿਅਕਤੀ ਦੇ ਚਰਿੱਤਰ ਨਿਰਮਾਣ ਦਾ ਨਤੀਜਾ ਸਾਬਿਤ ਹੁੰਦੀ ਹੈ। ਹਾਲਾਂਕਿ ਪਰਿਵਾਰ ਦੀ ਪਰਿਭਾਸ਼ਾ ਸਾਲਾਂ ਦੌਰਾਨ ਬਦਲ ਗਈ ਹੈ, ਪਰ ਇਹ ਛੋਟਾ ਭਾਈਚਾਰਾ ਜ਼ਿਆਦਾਤਰ ਸਮਾਜਾਂ ਦਾ ਨੀਂਹ ਪੱਥਰ ਬਣਿਆ ਹੋਇਆ ਹੈ। ਪਰਿਵਾਰ ਦੀ ਮਹੱਤਤਾ ਨੂੰ ਸਵੀਕਾਰ ਕਰਦੇ ਹੋਏ, ਸੰਯੁਕਤ ਰਾਸ਼ਟਰ ਨੇ 15 ਮਈ ਨੂੰ ਅੰਤਰਰਾਸ਼ਟਰੀ ਪਰਿਵਾਰ ਦਿਵਸ ਵਜੋਂ ਨਿਰਧਾਰਤ ਕੀਤਾ ਹੈ।

ਇਹ ਦਿਨ ਖਾਸ ਤੌਰ 'ਤੇ ਪਰਿਵਾਰਾਂ ਲਈ ਬਣਾਇਆ ਗਿਆ ਹੈ ਕਿਉਂਕਿ ਇਹ ਸਾਡੇ ਪਰਿਵਾਰਕ ਮੁੱਦਿਆਂ ਨੂੰ ਹੱਲ ਕਰਨ ਅਤੇ ਸਾਡੇ ਪਿਆਰਿਆਂ ਦੀ ਮਹੱਤਤਾ ਨੂੰ ਸਮਝਣ ਦਾ ਮੌਕਾ ਦਿੰਦਾ ਹੈ। ਆਮ ਤੌਰ 'ਤੇ ਅਸੀਂ ਉਨ੍ਹਾਂ ਚੀਜ਼ਾਂ ਨੂੰ ਮੰਨਦੇ ਹਾਂ ਜੋ ਆਸਾਨੀ ਨਾਲ ਉਪਲਬਧ ਹਨ ਅਤੇ ਪਰਿਵਾਰ ਉਨ੍ਹਾਂ ਵਿੱਚੋਂ ਇੱਕ ਹੈ। ਪਰ ਇਹ ਉਹ ਚੀਜ਼ ਹੈ ਜੋ ਸਾਨੂੰ ਗੁਆਉਣ ਤੋਂ ਬਾਅਦ ਪਛਤਾਉਂਦੀ ਹੈ। ਇੱਕ ਵਾਰ ਜਦੋਂ ਪਰਿਵਾਰ ਟੁੱਟ ਜਾਂਦਾ ਹੈ ਜਾਂ ਪਰਿਵਾਰ ਦਾ ਕੋਈ ਮੈਂਬਰ ਛੱਡ ਜਾਂਦਾ ਹੈ, ਤਾਂ ਪਰਿਵਾਰ ਦਾ ਵੱਡਾ ਹਿੱਸਾ ਟੁੱਟ ਜਾਂਦਾ ਹੈ। ਸਾਨੂੰ ਇਸਦੀ ਮਹੱਤਤਾ ਦਾ ਅਹਿਸਾਸ ਉਦੋਂ ਹੀ ਹੁੰਦਾ ਹੈ ਜਦੋਂ ਅਸੀਂ ਆਪਣੇ ਪਰਿਵਾਰ ਤੋਂ ਦੂਰ ਹੁੰਦੇ ਹਾਂ ਜਾਂ ਕਦੇ-ਕਦਾਈਂ ਸਾਨੂੰ ਉਨ੍ਹਾਂ ਨਾਲ ਰਹਿਣ ਦਾ ਇਹ ਸਨਮਾਨ ਨਹੀਂ ਮਿਲਦਾ। ਅੱਜ ਦੇ ਯੁੱਗ ਵਿੱਚ, ਪਰਿਵਾਰ ਨੂੰ ਤੋੜਨਾ ਸਭ ਤੋਂ ਵੱਡਾ ਪਾਪ ਹੈ, ਚਾਹੇ ਉਹ ਕਿਸੇ ਬੱਚੀ ਨੂੰ ਅਨਾਥ ਆਸ਼ਰਮਾਂ ਵਿੱਚ ਛੱਡਣ ਦਾ ਹੋਵੇ ਜਾਂ ਬੁੱਢੇ ਮਾਪਿਆਂ ਨੂੰ ਬੁਢਾਪਾ ਘਰਾਂ ਵਿੱਚ ਛੱਡਣ ਦਾ ਹੋਵੇ। ਅਸੀਂ ਇਹ ਭੁੱਲ ਜਾਂਦੇ ਹਾਂ ਕਿ ਉਹ (ਮਾਪੇ) ਆਧਾਰ ਹਨ ਅਤੇ ਇਸੇ ਲਈ ਅਸੀਂ ਅੱਜ ਮੌਜੂਦ ਹਾਂ।

ਸਾਨੂੰ ਹਮੇਸ਼ਾ ਆਪਣੇ ਪਰਿਵਾਰ ਨੂੰ ਪਿਆਰ ਕਰਨਾ ਚਾਹੀਦਾ ਹੈ ਅਤੇ ਹਮੇਸ਼ਾ ਆਪਣੇ ਪਰਿਵਾਰ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇੱਕ ਗਲਤਫਹਿਮੀ ਬਾਅਦ ਵਿੱਚ ਸਾਡੀ ਜ਼ਿੰਦਗੀ ਵਿੱਚ ਤਬਾਹੀ ਮਚਾ ਦਿੰਦੀ ਹੈ। ਪਰਿਵਾਰ ਸਮਾਜ ਦੀ ਨੀਂਹ ਹੈ। ਅੱਜ ਕੱਲ੍ਹ ਜ਼ਿਆਦਾਤਰ ਲੋਕ ਆਪਣੇ ਘਰ ਅਤੇ ਪਰਿਵਾਰ ਤੋਂ ਦੂਰ ਰਹਿੰਦੇ ਹਨ। ਜਦੋਂ ਅਜਿਹੇ ਲੋਕਾਂ ਨੂੰ ਉਨ੍ਹਾਂ ਦੇ ਜੀਵਨ ਦੇ ਸਭ ਤੋਂ ਖੂਬਸੂਰਤ ਦਿਨਾਂ ਬਾਰੇ ਪੁੱਛਿਆ ਜਾਂਦਾ ਹੈ, ਤਾਂ ਉਹ ਆਪਣੀ ਜ਼ਿੰਦਗੀ ਦੇ ਸ਼ੁਰੂਆਤੀ ਸਾਲਾਂ ਦਾ ਸਭ ਤੋਂ ਵਧੀਆ ਵਰਣਨ ਕਰਦੇ ਹਨ, ਜਦੋਂ ਉਹ ਆਪਣੇ ਪਰਿਵਾਰਾਂ ਨਾਲ ਰਹਿੰਦੇ ਸਨ। ਇਹ ਸਾਡਾ ਪਰਿਵਾਰ ਹੈ ਜੋ ਸਾਡੇ ਜੀਵਨ ਵਿੱਚ ਸਭ ਤੋਂ ਮਹੱਤਵਪੂਰਨ ਚੀਜ਼ ਹੋਣਾ ਚਾਹੀਦਾ ਹੈ ਅਤੇ ਇਸ ਲਈ ਅੰਤਰਰਾਸ਼ਟਰੀ ਪਰਿਵਾਰ ਦਿਵਸ ਨੂੰ ਲਗਾਤਾਰ ਯਾਦ ਰੱਖਣ ਲਈ ਮਨਾਇਆ ਜਾਣਾ ਚਾਹੀਦਾ ਹੈ।

ਪਰ ਅੱਜ ਪੰਜਾਬ ਨੂੰ ਦੇਖ ਲਉ, ਆਪਣੇ ਬੱਚਿਆਂ ਨੂੰ ਪ੍ਰਦੇਸਾ ਵਿਚ ਘਰ-ਜਮੀਨ ਜਾਇਦਾਤ ਸਭ ਵੇਚ ਕੇ ਭੇਜ ਰਿਹਾ ਹੈ, ਜਿਥੇ ਉਹ ਗਲਤ ਕੰਮਾ ਵਿਚ ਪੈ ਕੇ ਆਪਣਾ ਹੀ ਨਹੀਂ ਬੱਲਕੇ ਪੂਰੇ ਸਮਾਜ ਨੂੰ ਗੰਦਲਾਂ ਕਰ ਰਿਹਾ ਹੈ, ਉਹ ਮਾਰ ਮਰਾਉਣ ਵਿਚ, ਡਰੰਗ ਦੇ ਧੰਦਿਆਂ ਵਿਚ, ਇੰਨਸਾਨਾਂ ਦੀ ਸਮਗਲੰਗਿ , ਲੜਕੀਆਂ ਤੋਂ ਗਲਤ ਕੰਮ ਕਰਵਾਉਣਾ ਇਹ ਸਭ ਇੰਨਸਾਨੀਅਤ ਦਰਆਉਂਦੇ ਹੈ, ਸਿਰਫ਼ ਆਪਣੇ ਲਾਲਚ ਲਈ , ਰਾਤੋਂ ਰਾਤ ਅਮੀਰ ਬਨਣ ਲਈ, ਪਰਿਵਾਰਿਕ ਰਿਸ਼ਤਿਆਂ ਨੂੰ ਇੰਨਸਾਨ ਭੁੱਲ ਚੁਕਾ ਹੈ।

ਅੱਜ ਦੇ ਜਮਾਨੇ'ਚ ਛੋਟੇ ਸਮੂਹ ਜਾਂ ਸਮਾਜ ਵਿੱਚ ਰਹਿ ਕੇ ਆਪਣਾ ਜੀਵਨ ਸਫਲ ਕਰਦਾ ਹੈ। ਮਨੁੱਖੀ ਜੀਵਨ ਵਿੱਚ ਪਰਿਵਾਰ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਪਰਿਵਾਰ ਹੀ ਹੈ ਜੋ ਉਸ ਵਿੱਚ ਕਦਰਾਂ-ਕੀਮਤਾਂ, ਨੈਤਿਕ ਅਤੇ ਵਿਹਾਰਕ ਗੁਣ ਪੈਦਾ ਕਰਦਾ ਹੈ। ਸਭ ਤੋਂ ਪਹਿਲਾਂ, ਵਿਚਾਰਾਂ ਦਾ ਅਦਾਨ-ਪ੍ਰਦਾਨ ਪਰਿਵਾਰ ਵਿੱਚ ਹੀ ਸੰਭਵ ਹੈ। ਇੱਕ ਵਿਅਕਤੀ ਸਿੱਧੇ ਤੌਰ 'ਤੇ ਆਪਣੇ ਪਰਿਵਾਰਕ ਮੈਂਬਰਾਂ ਜਿਵੇਂ ਕਿ ਮਾਤਾ-ਪਿਤਾ, ਭੈਣ-ਭਰਾ, ਦਾਦਾ-ਦਾਦੀ, ਚਾਚਾ-ਮਾਸੀ ਅਤੇ ਮਾਸੀ ਨਾਲ ਜੁੜਿਆ ਹੁੰਦਾ ਹੈ। ਪਰਿਵਾਰ ਤੋਂ ਬਿਨਾਂ ਸਮਾਜ ਨਹੀਂ ਹੋ ਸਕਦਾ। ਵਿਅਕਤੀ ਦੇ ਜਨਮ ਤੋਂ ਲੈ ਕੇ ਮੌਤ ਤੱਕ ਦੀਆਂ ਸਾਰੀਆਂ ਗਤੀਵਿਧੀਆਂ ਪਰਿਵਾਰ ਵਿੱਚ ਹੁੰਦੀਆਂ ਹਨ।

ਪਰ ਅੱਜ ਨਿਘਾਰ ਦੇ ਪ੍ਰਤੀਕ ਵਜੋਂ ਪਰਿਵਾਰ ਟੁੱਟ ਰਹੇ ਹਨ, ਵਿਆਹ-ਸ਼ਾਦੀ ਦੇ ਪਵਿਤਰ ਰਿਸ਼ਤੇ ਟੁੱਟ ਰਹੇ ਹਨ, ਆਪਸੀ ਭਾਈਚਾਰਕ ਦੁਸ਼ਮਣੀ ਅਤੇ ਹਰ ਤਰ੍ਹਾਂ ਦੇ ਰਿਸ਼ਤਿਆਂ ਵਿੱਚ ਕਾਨੂੰਨੀ ਤੇ ਸਮਾਜਿਕ ਝਗੜੇ ਵਧ ਗਏ ਹਨ। ਅੱਜ, ਵਿਅਕਤੀਵਾਦ ਨੇ ਸਮੂਹਿਕਤਾ ਦਾ ਦਬਦਬਾ ਬਣਾਇਆ ਹੋਇਆ ਹੈ। ਨਤੀਜੇ ਵਜੋਂ, ਪਦਾਰਥ-ਮੁਖੀ, ਪ੍ਰਤੀਯੋਗੀ ਅਤੇ ਬਹੁਤ ਹੀ ਉਤਸ਼ਾਹੀ ਪੀੜ੍ਹੀ ਅਖੌਤੀ ਗੁੰਝਲਦਾਰ ਪਰਿਵਾਰਕ ਢਾਂਚੇ ਦਾ ਕੰਟਰੋਲ ਗੁਆ ਰਹੀ ਹੈ। ਜਿਵੇਂ ਕਿ ਵਿਅਕਤੀਵਾਦ ਅਧਿਕਾਰਾਂ ਅਤੇ ਚੋਣ ਦੀ ਆਜ਼ਾਦੀ ਦਾ ਦਾਅਵਾ ਕਰਦਾ ਹੈ। ਇਸ ਨੇ ਪੀੜ੍ਹੀਆਂ ਨੂੰ ਜੀਵਨ ਵਿੱਚ ਪ੍ਰਾਪਤੀ ਦੀ ਭਾਵਨਾ ਨੂੰ ਕੇਵਲ ਪਦਾਰਥਕ ਖੁਸ਼ਹਾਲੀ ਦੇ ਰੂਪ ਵਿੱਚ ਦੇਖਣ ਲਈ ਮਜਬੂਰ ਕੀਤਾ ਹੈ। ਮੌਜੂਦਾ ਹਾਲਾਤ ਵਿੱਚ ਭੜਕਾਊ ਰਵੱਈਆ ਹੀ ਪਰਿਵਾਰਾਂ ਦੇ ਟੁੱਟਣ ਦਾ ਮੁੱਖ ਕਾਰਨ ਹੈ। ਵਧੇਰੇ ਆਮਦਨੀ ਅਤੇ ਪਰਿਵਾਰ ਦੇ ਲਾਲਚਾਂ ਨੇ ਹੋਰ ਮੈਂਬਰਾਂ ਪ੍ਰਤੀ ਘੱਟ ਜ਼ਿੰਮੇਵਾਰੀ ਨੇ ਪਰਿਵਾਰਾਂ ਨੂੰ ਵੰਡ ਦਿੱਤਾ ਹੈ। ਤਲਾਕ ਦੀ ਉੱਚ ਦਰ ਬਿਨਾਂ ਸ਼ੱਕ ਸਮਾਜਿਕ ਰਿਸ਼ਤਿਆਂ ਨੂੰ ਢਾਹ ਲਾ ਰਹੀ ਹੈ। ਵਿਆਹ ਟੁੱਟਣ ਦਾ ਇੱਕ ਵੱਡਾ ਕਾਰਨ ਸਿੰਗਲ ਰਵੱਈਏ, ਵਿਵਹਾਰ ਅਤੇ ਸਮਝੌਤਾ ਅੱਜ ਦੇ ਪਰਿਵਾਰਾਂ ਵਿੱਚ ਤਕਨਾਲੋਜੀ ਦਾ ਕਾਲਾ ਧੱਬਾ ਹੈ। ਨੌਜਵਾਨ ਪੀੜ੍ਹੀ ਦਾ ਸਮਾਜ ਵਿਰੋਧੀ ਵਤੀਰਾ ਤੇਜ਼ੀ ਨਾਲ ਪਰਿਵਾਰਾਂ ਨੂੰ ਤਬਾਹ ਕਰ ਰਿਹਾ ਹੈ। ਅੱਜ ਦੇ ਜ਼ਿਆਦਾਤਰ ਸਮਾਜਿਕ ਕੰਮ, ਜਿਵੇਂ ਕਿ ਬਾਲ ਪਾਲਣ, ਸਿੱਖਿਆ, ਕਿੱਤਾਮੁਖੀ ਸਿਖਲਾਈ, ਬਜ਼ੁਰਗਾਂ ਦੀ ਦੇਖਭਾਲ, ਆਦਿ, ਬਾਹਰੀ ਏਜੰਸੀਆਂ, ਜਿਵੇਂ ਕਿ ਕਰੈਚ, ਮੀਡੀਆ, ਨਰਸਰੀ ਸਕੂਲ, ਹਸਪਤਾਲ, ਵੋਕੇਸ਼ਨਲ ਸਿਖਲਾਈ ਕੇਂਦਰ, ਹਾਸਪਾਈਸ ਸੰਸਥਾਵਾਂ, ਠੇਕੇਦਾਰਾਂ ਦੇ ਤੌਰ 'ਤੇ ਸੰਭਾਲਦੇ ਹਨ। ਜਦ ਦੋਨੋਂ ਮਾਂ- ਬਾਪ ਕੰਮ ਕਰਦੇ ਹੁਣ ਤਾਂ ਕਈ ਵਾਰ ਪਰਿਵਾਰ ਦੇ ਬਜ਼ੁਰਗਾਂ ਨੂੰ ਇਹ ਜਿਮੇਂਵਾਰੀਆਂ ਨਿਭਾਉਣਿਆਂ ਪੈਂਦੀਆਂ ਹਨ।

ਅੱਜ ਦੀ ਨੌਜਵਾਨ ਪੀੜ੍ਹੀ ਸਾਂਝੇ ਪਰਿਵਾਰ ਦੀ ਮਹੱਤਤਾ ਨੂੰ ਭੁੱਲ ਗਈ ਹੈ। ਉਹ ਇਕੱਲੇ ਪਰਿਵਾਰ ਨਾਲ ਖੁਸ਼ ਹਨ ਪਰ ਔਖੇ ਸਮੇਂ ਇਹ ਨੌਜਵਾਨ ਨਿਰਾਸ਼ਾ ਦੇ ਹਨੇਰੇ ਵਿਚ ਚਲੇ ਜਾਂਦੇ ਹਨ। ਇਸ ਲਈ, ਇਹ ਸਮਾਂ ਹੈ ਕਿ ਪਰਿਵਾਰ ਦੀ ਮਹੱਤਤਾ ਨੂੰ ਸਮਝੋ ਅਤੇ ਆਪਣੇ ਬਜ਼ੁਰਗਾਂ ਪ੍ਰਤੀ ਸਤਿਕਾਰ ਨਾਲ ਪੇਸ਼ ਆਓ, ਬਜੁਰਗਾ ਤੱਕ ਹੀ ਨਹੀਂ ਬੱਲਕੇ ਹਰਇਕ ਨਾਲ ਹਲੀਮੀ ਨਾਲ ਪੇਸ਼ ਆਉ।

ਪਰਿਵਾਰ ਦੀ ਸ਼ੁਰੂਆਤ ਆਦਿਮ ਮਨੁੱਖ ਤੋਂ ਹੋਈ ਸੀ ਅਤੇ ਅੱਜ ਵੀ ਓਨੀ ਹੀ ਮਹੱਤਵਪੂਰਨ ਹੈ ਜਿੰਨੀ ਹਜ਼ਾਰਾਂ ਸਾਲ ਪਹਿਲਾਂ ਸੀ। ਹਾਲਾਂਕਿ ਇਸ ਦੇ ਬਾਵਜੂਦ ਕੁਝ ਲੋਕ ਇਸ ਤੋਂ ਵੱਖ ਨਜ਼ਰ ਆਉਂਦੇ ਹਨ ਅਤੇ ਆਪਣੀ ਜ਼ਿੰਦਗੀ 'ਚ ਪਰਿਵਾਰ ਨੂੰ ਕੋਈ ਮਹੱਤਵ ਨਹੀਂ ਦਿੰਦੇ ਹਨ। ਸਾਲ 1994 ਵਿੱਚ, ਸੰਯੁਕਤ ਰਾਸ਼ਟਰ ਨੇ ਲੋਕਾਂ ਨੂੰ ਪਰਿਵਾਰਾਂ ਦੀ ਮਹੱਤਤਾ ਨੂੰ ਸਮਝਾਉਣਾ ਸ਼ੁਰੂ ਕੀਤਾ ਅਤੇ ਉਦੋਂ ਤੋਂ ਹਰ ਸਾਲ 15 ਮਈ ਨੂੰ ਇਹ ਦਿਨ ਅੰਤਰਰਾਸ਼ਟਰੀ ਪਰਿਵਾਰ ਦਿਵਸ ਵਜੋਂ ਮਨਾਇਆ ਜਾਂਦਾ ਹੈ।

ਮਾਪੇ ਹੋਣ ਦੇ ਨਾਤੇ, ਅਸੀਂ ਆਪਣੇ ਬੱਚਿਆਂ ਨੂੰ ਜ਼ਿੰਦਗੀ ਵਿੱਚ ਸਭ ਤੋਂ ਵਧੀਆ ਦੇਣਾ ਚਾਹੁੰਦੇ ਹਾਂ ਅਤੇ ਇਸਦੇ ਲਈ ਲਗਾਤਾਰ ਕੋਸ਼ਿਸ਼ ਕਰਦੇ ਹਾਂ। ਨਾਲ ਹੀ, ਬਹੁਤ ਸਾਰੇ ਅਧਿਐਨ ਦਰਸਾਉਂਦੇ ਹਨ ਕਿ ਪਰਿਵਾਰ ਦੇ ਮਾਹੌਲ ਦਾ ਬੱਚੇ ਦੀ ਸਫਲਤਾ 'ਤੇ ਮਹੱਤਵਪੂਰਣ ਪ੍ਰਭਾਵ ਪੈਂਦਾ ਹੈ। ਪਰਿਵਾਰਕ ਮਾਹੌਲ ਜਿੰਨਾ ਜ਼ਿਆਦਾ ਸਕਾਰਾਤਮਕ ਅਤੇ ਸਥਿਰ ਹੋਵੇਗਾ, ਬੱਚਿਆਂ ਦੇ ਮਾਨਸਿਕ ਅਤੇ ਸਰੀਰਕ ਤੌਰ 'ਤੇ ਸਿਹਤਮੰਦ ਹੋਣ ਦੀ ਸੰਭਾਵਨਾ ਓਨੀ ਹੀ ਜ਼ਿਆਦਾ ਹੋਵੇਗੀ।

ਪਰਵਾਰਾਂ ਦਾ ਅੰਤਰਰਾਸ਼ਟਰੀ ਦਿਵਸ ਮਨਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ ਉਹਨਾਂ ਸਮਾਜਿਕ, ਆਰਥਿਕ ਅਤੇ ਜਨਸੰਖਿਆ ਸੰਬੰਧੀ ਮੁੱਦਿਆਂ ਬਾਰੇ ਜਾਣਨਾ ਜੋ ਦੁਨੀਆ ਭਰ ਦੇ ਪਰਿਵਾਰਾਂ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਤੁਸੀਂ ਆਪਣੇ ਆਪ ਨੂੰ ਕਿਵੇਂ ਮਜ਼ਬੂਤ ਕਰ ਸਕਦੇ ਹੋ।

ਇਹ ਦਿਨ ਸਮਾਜ ਲਈ ਪਰਿਵਾਰ ਦੀ ਮਹੱਤਤਾ 'ਤੇ ਜ਼ੋਰ ਦਿੰਦਾ ਹੈ। ਜੇਕਰ ਸਾਡੇ ਪਰਿਵਾਰ ਮਜ਼ਬੂਤ ਹੋਣਗੇ ਤਾਂ ਸਾਡੀਆਂ ਸੰਸਥਾਵਾਂ ਅਤੇ ਸਮਾਜ ਮਜ਼ਬੂਤ ਹੋਣਗੇ। ਇੱਕ ਖੁਸ਼ਹਾਲ ਪਰਿਵਾਰ ਇੱਕ ਅਸਲ-ਸੰਸਾਰ ਦੀ ਉਦਾਹਰਣ ਵੀ ਪ੍ਰਦਾਨ ਕਰਦਾ ਹੈ ਕਿ ਕਿਵੇਂ ਮਨੁੱਖੀ ਪਰਿਵਾਰ ਸੰਸਾਰ ਨੂੰ ਇੱਕ ਬਿਹਤਰ ਸਥਾਨ ਬਣਾਉਣ ਲਈ ਮਿਲ ਕੇ ਕੰਮ ਕਰ ਸਕਦਾ ਹੈ।









# ਪਾਕਿ ਫੌਜ ਮੁਖੀ ਦੀ ਪੀਟੀਆਈ ਸਮਰਥਕਾਂ ਨੂੰ ਚੇਤਾਵਨੀ; ਹੁਣ ਹਿੰਸਾ ਬਰਦਾਸ਼ਤ ਨਹੀਂ ਕਰਾਂਗੇ




ਇਸਲਾਮਾਬਾਦ, 18 ਮਈ (ਪੋਸਟ ਬਿਊਰੋ): ਪਾਕਿਸਤਾਨ ਦੇ ਹਾਲਾਤ ਲਗਾਤਾਰ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਪਹਿਲਾਂ ਹੀ ਆਰਥਿਕ ਸੰਕਟ ਨਾਲ ਜੂਝ ਰਹੇ ਇਸ ਦੇਸ਼ ਵਿੱਚ ਸਰਕਾਰ ਅਤੇ ਵਿਰੋਧੀ ਧਿਰ ਦੇ ਟਕਰਾਅ ਨੇ ਸਥਿਤੀ ਹੋਰ ਵਿਗੜ ਚੁੱਕੀ ਹੈ। ਪਿਛਲੇ ਕੁਝ ਦਿਨਾਂ ਵਿੱਚ ਮੁੱਖ ਵਿਰੋਧੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਦੇ ਮੁਖੀ ਇਮਰਾਨ ਖ਼ਾਨ ਖ਼ਿਲਾਫ਼ ਸਰਕਾਰ ਵੱਲੋਂ ਖੋਲ੍ਹੇ ਗਏ ਮੋਰਚੇ ਨੇ ਦੇਸ਼ ਦੇ ਹਾਲਾਤ ਹੋਰ ਵੀ ਵਿਗਾੜ ਦਿੱਤੇ ਹਨ। ਇਮਰਾਨ ਦੀ ਗ੍ਰਿਫਤਾਰੀ ਅਤੇ ਉਸ ਨੂੰ ਪ੍ਰਦਰਸ਼ਨਾਂ ਅਤੇ ਰੈਲੀਆਂ ਤੋਂ ਰੋਕਣ ਦੀ ਕੋਸ਼ਿਸ਼ ਨੇ ਵੀ ਪਾਕਿ-ਸਤਾਨ ਵਿਚ ਉਸ ਦੇ ਸਮਰਥਕਾਂ ਦੁਆਰਾ ਜ਼ਬਰਦਸਤ ਹੰਗਾਮਾ ਕੀਤਾ ਹੈ। ਇਸ ਦੌਰਾਨ ਸਰਕਾਰ ਦੇ ਨਾਲ-ਨਾਲ ਪਾਕਿਸਤਾਨ ਦੀ ਫੌਜ ਨੇ ਵੀ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਮਰਥਕਾਂ ਨੂੰ ਚਿਤਾਵਨੀ ਜਾਰੀ ਕੀਤੀ ਹੈ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਹ ਚਿਤਾਵਨੀ ਖੁਦ ਫੌਜ ਮੁਖੀ ਵੱਲੋਂ ਦਿੱਤੀ ਗਈ ਹੈ।

ਪਾਕਿਸਤਾਨ ਦੇ ਫੌਜ ਮੁਖੀ ਜਨਰਲ ਅਸੀਮ ਮੁਨੀਰ ਨੇ ਕਿਹਾ ਹੈ ਕਿ 9 ਮਈ ਨੂੰ ਜਿਸ ਤਰ੍ਹਾਂ ਫੌਜੀ ਟਿਕਾਣਿਆਂ 'ਤੇ ਹਮਲੇ ਕੀਤੇ ਗਏ ਸਨ, ਉਸ ਨੂੰ ਕਿਸੇ ਵੀ ਹਾਲਤ 'ਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸਿਆਲਕੋਟ ਵਿੱਚ ਗੜੀ ਦਾ ਦੌਰਾ ਕਰਨ ਆਏ ਫੌਜ ਮੁਖੀ ਨੇ ਕਿਹਾ ਕਿ ਕਿਸੇ ਨੂੰ ਵੀ ਸਾਡੇ ਸ਼ਹੀਦਾਂ ਅਤੇ ਉਨ੍ਹਾਂ ਨਾਲ ਜੁੜੀਆਂ ਯਾਦਗਾਰਾਂ ਦੀ ਬੇਅਦਬੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਹ ਫੌਜ, ਕਾਨੂੰਨ ਅਤੇ ਸਰਕਾਰ ਲਈ ਪ੍ਰੇਰਨਾ ਅਤੇ ਮਾਣ ਦਾ ਸਰੋਤ ਹੈ।

ਬਿਆਨ ਦੇ ਅਨੁਸਾਰ, ਵਿਸ਼ੇਸ਼ ਕੋਰ ਕਮਾਂਡਰਾਂ ਦੀ ਕਾਨਫਰੰਸ ਦੇ ਭਾਗੀਦਾਰਾਂ ਨੇ ਫੌਜੀ ਸਥਾਪਨਾਵਾਂ ਅਤੇ ਜਨਤਕ ਅਤੇ ਨਿੱਜੀ ਜਾਇਦਾਦਾਂ ਨੂੰ ਤਬਾਹ ਕਰਨ ਦੀ ਨਿੰਦਾ ਕੀਤੀ। ਬਿਆਨ ਵਿੱਚ ਕਿਹਾ ਗਿਆ ਹੈ, "ਹੁਣ ਤੱਕ ਇਕੱਠੇ ਕੀਤੇ ਗਏ ਅਟੱਲ ਸਬੂਤਾਂ ਦੇ ਆਧਾਰ 'ਤੇ, ਹਥਿਆਰਬੰਦ ਬਲ ਇਨ੍ਹਾਂ ਹਮਲਿਆਂ ਦੇ ਸਾਜ਼ਿਸ਼ਕਰਤਾਵਾਂ, ਭੜਕਾਉਣ ਵਾਲਿਆਂ ਅਤੇ ਦੋਸ਼ੀਆਂ ਤੋਂ ਚੰਗੀ ਤਰ੍ਹਾਂ ਜਾਣੂ ਹਨ ਅਤੇ ਇਸ ਨੂੰ ਅੰਜਾਮ ਦੇਣ ਵਾਲਿਆਂ ਦੇ ਖਿਲਾਫ ਕਾਰਵਾਈ ਕਰਨ ਲਈ ਦ੍ਰਿੜ ਹਨ।" ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਮਾਮਲੇ ਵਿੱਚ ਧਿਆਨ ਭਟਕਾਉਣ ਦੀਆਂ ਕੋਸ਼ਿਸ਼ਾਂ ਬਿਲਕੁਲ ਨਾਕਾਮ ਹਨ।

# ਨਿਊ ਮੈਕਸੀਕੋ ਦੇ ਫਾਰਮਿੰਗਟਨ 'ਚ ਗੋਲੀਬਾਰੀ ਵਿਚ 3 ਦੀ ਮੌਤ

ਨਿਊ ਮੈਕਸੀਕੋ, 18 ਮਈ (ਪੋਸਟ ਬਿਊਰੋ): ਅਮਰੀਕਾ ਦੇ ਦੱਖਣ-ਪੱਛਮੀ ਸੂਬੇ ਨਿਊ ਮੈਕਸੀਕੋ ਦੇ ਫਾਰਮਿੰਗਟਨ 'ਚ ਗੋਲੀਬਾਰੀ ਦੀ ਖ਼ਬਰ ਹੈ। ਇਸ ਗੋਲੀਬਾਰੀ 'ਚ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਕਈ ਲੋਕ ਜ਼ਖਮੀ ਦੱਸੇ ਜਾ ਰਹੇ ਹਨ। ਫਾਰਮਿੰਗਟਨ ਪੁਲਿਸ ਨੇ ਸੋਮਵਾਰ ਨੂੰ ਇੱਕ ਫੇਸਬੁੱਕ ਪੋਸਟ ਵਿੱਚ ਇਹ ਜਾਣਕਾਰੀ ਦਿੱਤੀ। ਗੋਲੀਬਾਰੀ 'ਚ ਜ਼ਖਮੀ ਹੋਏ ਲੋਕਾਂ 'ਚ ਸਿਟੀ ਪੁਲਸ ਦੇ ਇਕ ਮੈਂਬਰ ਅਤੇ ਨਿਊ ਮੈਕਸੀਕੋ ਸਟੇਟ ਪੁਲਸ ਦੇ ਇਕ ਮੈਂਬਰ ਸਮੇਤ ਦੋ ਪੁਲਸ ਅਧਿਕਾਰੀ ਸ਼ਾਮਲ ਹਨ। ਫਿਲਹਾਲ ਦੋਵਾਂ ਦੀ ਹਾਲਤ ਸਥਿਰ ਹੈ। ਪੁਲਿਸ ਨੇ ਦੱਸਿਆ ਕਿ ਗੋਲੀਬਾਰੀ ਦੌਰਾਨ ਇੱਕ ਸ਼ੱਕੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਿਸ ਨੇ ਕਿਹਾ ਕਿ ਸ਼ੱਕੀ ਦੀ ਪਛਾਣ ਅਣਜਾਣ ਹੈ। ਸਥਾਨਕ ਮੀਡੀਆ ਨੇ ਦੱਸਿਆ ਕਿ ਗੋਲੀਬਾਰੀ ਬਰੁਕਸਾਈਡ ਪਾਰਕ ਦੇ ਇਲਾਕੇ 'ਚ ਸਥਾਨਕ ਸਮੇਂ ਮੁਤਾਬਕ ਸਵੇਰੇ 11 ਵਜੇ ਤੋਂ ਥੋੜ੍ਹੀ ਦੇਰ ਬਾਅਦ ਹੋਈ। ਦੁਪਹਿਰ 1 ਵਜੇ ਤੋਂ ਠੀਕ ਪਹਿਲਾਂ ਚਾਰ ਸਕੂਲਾਂ ਨੂੰ ਤਾਲਾਬੰਦ ਕਰ ਦਿੱਤਾ ਗਿਆ ਸੀ। ਫਾਰਮਿੰਗਟਨ ਮਿਉਂਸਪਲ ਸਕੂਲਾਂ ਦੇ ਬੁਲਾਰੇ



ਰੋਬਰਟ ਟੈਬੋਡਾ ਨੇ ਕਿਹਾ ਕਿ ਫਾਰਮਿੰਗਟਨ ਸਕੂਲਾਂ ਦੇ ਸਾਰੇ ਵਿਦਿਆਰਥੀ ਅਤੇ ਸਟਾਫ ਸੁਰੱਖਿਅਤ ਹਨ। ਸਥਾਨਕ ਮੀਡੀਆ ਨੇ ਦੱਸਿਆ ਕਿ ਫਾਰਮਿੰਗਟਨ ਖੇਤਰ ਵਿੱਚ 6 ਸਾਲਾਂ ਤੋਂ ਵੀ ਘੱਟ ਸਮੇਂ ਵਿੱਚ ਇਹ ਦੂਜੀ ਗੋਲੀਬਾਰੀ ਸੀ।

ਤੁਹਾਨੂੰ ਦੱਸ ਦੇਈਏ ਕਿ ਹਾਲ ਹੀ ਵਿੱਚ ਟੈਕਸਾਸ ਦੇ ਮਾਲ ਵਿੱਚ ਗੋਲੀਬਾਰੀ ਦੀ ਘਟਨਾ ਵਾਪਰੀ ਸੀ। ਗੋਲੀਬਾਰੀ ਵਿਚ ਘੱਟੋ-ਘੱਟ ਅੱਠ ਲੋਕ ਮਾਰੇ ਗਏ ਸਨ ਅਤੇ ਹਮਲਾਵਰ ਮੌਰੀਸੀਓ ਗਾਰਸੀਆ (33) ਵੀ ਪੁਲਿਸ ਨੇ ਮਾਰਿਆ ਸੀ। 6 ਮਈ ਨੂੰ ਵਾਪਰੀ ਇਸ ਘਟਨਾ ਵਿੱਚ ਸੱਤ ਹੋਰ ਜ਼ਖ਼ਮੀ ਵੀ ਹੋਏ ਸਨ ਅਤੇ ਉਨ੍ਹਾਂ ਦਾ ਹਸਪਤਾਲ ਵਿੱਚ ਇਲਾਜ ਕੀਤਾ ਗਿਆ ਸੀ। ਟੈਕਸਾਸ ਮਾਲ ਗੋਲੀਬਾਰੀ ਤੋਂ ਇੱਕ ਦਿਨ ਬਾਅਦ, ਅਮਰੀਕਾ ਵਿੱਚ ਮਿਆਮੀ ਬੀਚ ਦੇ ਇੱਕ ਨਾਈਟ ਕਲੱਬ ਵਿੱਚ ਗੋਲੀਬਾਰੀ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਦੋ ਔਰਤਾਂ ਜ਼ਖ਼ਮੀ ਹੋ ਗਈਆਂ।

# ਪਾਕਿਸਤਾਨੀ ਫੌਜ ਇਮਰਾਨ ਦੇ ਸਮਰਥਕਾਂ 'ਤੇ ਲਾਗੂ ਕਰੇਗੀ ਆਰਮੀ ਐਕਟ



ਇਸਲਾਮਾਬਾਦ, 18 ਮਈ (ਪੋਸਟ ਬਿਊਰੋ): ਪਾਕਿਸਤਾਨੀ ਫੌਜ 9 ਮਈ ਨੂੰ ਇਮਰਾਨ ਖਾਨ ਦੀ ਗ੍ਰਿਫ਼ਤਾਰੀ ਤੋਂ ਬਾਅਦ ਵਿਰੋਧ ਪ੍ਰਦਰਸ਼ਨਾਂ ਵਿੱਚ ਹਿੱਸਾ ਲੈਣ ਵਾਲੇ ਉਨ੍ਹਾਂ ਦੇ ਸਮਰਥਕਾਂ ਖਿਲਾਫ਼ ਆਰਮੀ ਐਕਟ ਲਾਗੂ ਕਰੇਗੀ। ਇਮਰਾਨ ਖਾਨ ਨੇ ਐਤਵਾਰ ਨੂੰ ਇਕ ਟਵੀਟ 'ਚ ਕਿਹਾ ਕਿ ਉਨ੍ਹਾਂ ਦੇ ਸਮਰਥਕਾਂ ਨੂੰ ਵੱਡੇ ਪੱਧਰ 'ਤੇ ਦਬਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ ਅਤੇ ਇਸ ਦੇ ਲਈ ਆਰਮੀ ਐਕਟ ਦੀ ਵਰਤੋਂ ਕੀਤੀ ਜਾਵੇਗੀ।

ਫੌਜ ਦੀ ਲੀਡਰਸ਼ਿਪ ਨੇ ਸੋਮਵਾਰ ਨੂੰ ਐਲਾਨ ਕੀਤਾ ਕਿ 9 ਮਈ ਦੀ 'ਗੁੰਡਾਗਰਦੀ' ਦੀ ਯੋਜਨਾ ਬਣਾਉਣ, ਭੜਕਾਉਣ ਅਤੇ ਅੰਜਾਮ ਦੇਣ ਵਾਲਿਆਂ 'ਤੇ ਆਰਮੀ ਐਕਟ ਅਤੇ ਆਫੀਸ਼ੀਅਲ ਸੀਕਰੇਟਸ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਜਾਵੇਗਾ। ਫੌਜ ਦੇ ਬਿਆਨ 'ਚ 'ਯੋਜਨਾਕਾਰਾਂ' ਖਿਲਾਫ ਕਾਰਵਾਈ ਦੀ ਗੱਲ ਵੀ ਕਹੀ ਗਈ ਹੈ। ਇਹ ਇਸ ਗੱਲ ਦਾ ਸੰਕੇਤ ਸਮਝਿਆ ਜਾ ਰਿਹਾ ਹੈ ਕਿ ਇਮਰਾਨ ਖਾਨ ਖੁਦ ਅਤੇ ਉਨ੍ਹਾਂ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ) ਦੇ ਸੀਨੀਅਰ ਨੇਤਾਵਾਂ ਨੂੰ ਇਸ ਕੇਸ ਵਿੱਚ ਸ਼ਾਮਲ ਕੀਤਾ ਜਾਵੇਗਾ।

ਇਮਰਾਨ ਖਾਨ ਦੀ ਗ੍ਰਿਫਤਾਰੀ ਤੋਂ ਬਾਅਦ ਫੌਜ ਦੇ ਕਈ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਇਨ੍ਹਾਂ ਹਮਲਿਆਂ ਦੀਆਂ ਤਸਵੀਰਾਂ ਅਤੇ ਵੀਡੀਓ ਦੁਨੀਆ ਭਰ 'ਚ ਵਾਇਰਲ ਹੋਈਆਂ ਸਨ। ਉਸ ਦਿਨ ਇਹ ਵੀ ਖਬਰ ਆਈ ਸੀ ਕਿ ਕਈ ਫੌਜੀ ਅਫਸਰਾਂ ਨੇ ਪ੍ਰਦਰਸ਼ਨਕਾਰੀਆਂ 'ਤੇ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਦੋਸ਼ ਹੇਠ ਦਰਜਨ ਤੋਂ ਵੱਧ ਅਫ਼ਸਰਾਂ ਤੇ ਮੁਲਾਜ਼ਮਾਂ ਨੂੰ ਫ਼ੌਜ ਵਿੱਚੋਂ ਬਰਖ਼ਾਸਤ ਕੀਤਾ ਜਾ ਚੁੱਕਾ ਹੈ।

# ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਰਹੱਦੀ ਖੇਤਰਾਂ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਲਈ 20 ਕਰੋੜ ਰੁਪਏ ਨੂੰ ਮਨਜ਼ੂਰੀ

* ਡੀਜੀਪੀ ਗੌਰਵ ਯਾਦਵ ਨੇ ਡਰੋਨ ਰਾਹੀਂ ਹਥਿਆਰਾਂ/ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਕਰਾਉਣ ਵਿੱਚ ਮਦਦ ਕਰਨ ਸਬੰਧੀ ਇਤਲਾਹ ਦੇਣ ਲਈ 1 ਲੱਖ ਰੁਪਏ ਦੇ ਇਨਾਮ ਦਾ ਕੀਤਾ ਐਲਾਨ * ਵਿਸ਼ੇਸ਼ ਡੀਜੀਪੀ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਸਰਹੱਦੀ ਖੇਤਰਾਂ 'ਤੇ ਸੁਰੱਖਿਆ ਨੂੰ ਮਜਬੂਤ ਕਰਨ ਲਈ ਸੀਮਾ ਸੁਰੱਖਿਆ ਬਲ ਨਾਲ ਉੱਚ ਪੱਧਰੀ ਮੀਟਿੰਗ ਦੀ ਕੀਤੀ ਪ੍ਰਧਾਨਗੀ

ਚੰਡੀਗੜ/ਅੰਮ੍ਰਿਤਸਰ, 18 ਮਈ (ਪੋਸਟ ਬਿਊਰੋ): ਵਿਸ਼ੇਸ਼ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਅਰਪਿਤ ਸ਼ੁਕਲਾ ਨੇ ਇੱਥੇ ਬੁੱਧਵਾਰ ਨੂੰ ਦੱਸਿਆ ਕਿ ਡਰੋਨਾਂ ਅਤੇ ਸਰਹੱਦ ਪਾਰੋਂ ਤਸਕਰਾਂ ਦੀ ਆਵਾਜਾਈ 'ਤੇ ਸਖਤੀ ਨਾਲ ਨਜ਼ਰ ਰੱਖਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਰਹੱਦੀ ਪਿੰਡਾਂ ਵਿੱਚ ਰਣਨੀਤਕ ਥਾਵਾਂ 'ਤੇ ਸੀਸੀਟੀਵੀ ਲਗਾਉਣ ਲਈ 20 ਕਰੋੜ ਰੁਪਏ ਮਨਜੂਰ ਕੀਤੇ ਹਨ। । ਉਨਾਂ ਕਿਹਾ ਕਿ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਡਰੋਨ ਰਾਹੀਂ ਹਥਿਆਰਾਂ/ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਕਰਾਉਣ ਵਿੱਚ ਮਦਦ ਕਰਨ ਸਬੰਧੀ ਇਤਲਾਹ ਦੇਣ ਵਾਲੇ ਨੂੰ 1 ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਵੀ ਕੀਤਾ ਹੈ।

ਵਿਸ਼ੇਸ਼ ਡੀਜੀਪੀ, ਆਈਜੀ ਫਰੰਟੀਅਰ ਹੈੱਡਕੁਆਰਟਰ, ਬੀਐਸਐਫ ਜਲੰਧਰ ਡਾ: ਅਤੁਲ ਫੁਲਜ਼ੇਲੇ ਬੀਐਸਐਫ ਅਤੇ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਨਾਲ ਸਰਹੱਦ ਪਾਰ ਦੀ ਤਸਕਰੀ ਨੂੰ ਰੋਕਣ ਲਈ ਸਰਹੱਦ 'ਤੇ ਸੁਰੱਖਿਆ ਨੂੰ ਹੋਰ ਮਜਬੂਤ ਕਰਨ ਲਈ ਸਾਂਝੀ ਤਾਲਮੇਲ ਕਮ ਸਮੀਖਿਆ ਮੀਟਿੰਗ ਕਰਨ ਲਈ ਅੰਮ੍ਰਿਤਸਰ ਦੇ ਖਾਸਾ ਵਿਖੇ ਪਹੁੰਚੇ ਸਨ। ਮੀਟਿੰਗ ਵਿੱਚ ਡੀਆਈਜੀ ਬਾਰਡਰ ਰੇਂਜ ਨਰਿੰਦਰ ਭਾਰਗਵ ਅਤੇ ਡੀਆਈਜੀ





ਫਿਰੋਜਪੁਰ ਰੇਂਜ ਰਣਜੀਤ ਸਿੰਘ ਢਿੱਲੋਂ ਸਮੇਤ ਬੀਐਸਐਫ ਦੇ ਚਾਰ ਡੀਆਈਜੀ ਅਤੇ ਬੀਐਸਐਫ ਦੇ ਚਾਰ ਕਮਾਂਡੈਂਟ ਵੀ ਹਾਜਰ ਸਨ।

ਬੀਐਸਐਫ ਅਤੇ ਪੰਜਾਬ ਪੁਲਿਸ ਦਰਮਿਆਨ ਵਧੇਰੇ ਤਾਲਮੇਲ ਅਤੇ ਟੀਮ ਵਰਕ ਦਾ ਸੱਦਾ ਦਿੰਦੇ ਹੋਏ, ਵਿਸ਼ੇਸ਼ ਡੀਜੀਪੀ ਅਰਪਿਤ ਸੁਕਲਾ ਨੇ ਕਿਹਾ ਕਿ ਇਹ ਸਹੀ ਸਮਾਂ ਹੈ ਕਿ ਪੰਜਾਬ ਦੀਆਂ ਸਰਹੱਦਾਂ 'ਤੇ ਡਰੋਨ ਅਪਰੇਸ਼ਨਾਂ ਦਾ ਮੁਕਾਬਲਾ ਕਰਨ ਲਈ ਦੋਵੇਂ ਸੁਰੱਖਿਆ ਬਲਾਂ ਨੂੰ ਮਿਲ ਕੇ ਅਤੇ ਬਿਹਤਰ ਤਾਲਮੇਲ ਨਾਲ ਕੰਮ ਕਰਨਾ ਚਾਹੀਦਾ ਹੈ। ਉਨਾਂ ਨੇ ਸਰਹੱਦ ਪਾਰ ਤੋਂ ਪੰਜਾਬ ਵਿੱਚ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਤਸਕਰੀ ਨੂੰ ਰੋਕਣ ਲਈ ਸਬੂਤ ਅਧਾਰਤ ਅਤੇ ਸਰਗਰਮ ਪੁਲਿਸਿੰਗ ਕਰਨ ਦੀ ਲੋੜ 'ਤੇ ਵੀ ਜੋਰ ਦਿੱਤਾ। ਸਪੈਸ਼ਲ ਡੀਜੀਪੀ ਨੇ ਸਰਹੱਦੀ ਜਿਲਿਆਂ ਦੇ ਸੀਨੀਅਰ ਪੁਲਿਸ ਸੁਪਰਡੈਂਟਾਂ (ਐਸਐਸਪੀਜ) ਨੂੰ ਸੁਰੱਖਿਆ ਦੀ ਨਜ਼ਰ ਤੋਂ ਪੁਲਿਸ ਬਲ ਨੂੰ ਹੋਰ ਮਜ਼ਬੂਤ ਤੇ ਮੁਸਤੈਦ ਹੋਣ ਲਈ ਕਿਹਾ ਜੋ ਕਿ ਭਾਰਤ ਵਾਲੇ ਪਾਸੇ ਅਪਰਾਧੀਆਂ ਦੁਆਰਾ ਡਰੋਨਾਂ ਰਾਹੀਂ ਸੁੱਟੇ ਜਾਂਦੇ ਨਸ਼ੀਲੇ ਪਦਾਰਥਾਂ ਦੀ ਖੇਪ ਨੂੰ ਰੋਕਣ ਵਿੱਚ ਮਦਦ ਕਰੇਗਾ।

ਉਨਾਂ ਨੇ ਸਰਹੱਦ ਪਾਰੋਂ ਤਸਕਰੀ ਵਿੱਚ ਸ਼ਾਮਲ ਭਾਰਤੀ ਨਾਗਰਿਕਾਂ 'ਤੇ ਨਜਰ ਰੱਖਣ ਲਈ ਸੀਸੀਟੀਵੀ ਕੈਮਰੇ ਲਗਾਉਣ ਲਈ ਸਰਹੱਦੀ ਪਿੰਡਾਂ ਵਿੱਚ ਰਣਨੀਤਕ ਸਥਾਨਾਂ ਅਤੇ ਹੌਟਸਪੌਟਸ ਬਾਰੇ ਵੀ ਚਰਚਾ ਕੀਤੀ।

ਉਨਾਂ ਬੀ.ਐਸ.ਐਫ ਅਧਿਕਾਰੀਆਂ ਨੂੰ ਕਿਹਾ ਕਿ ਉਹ ਸ਼ੱਕੀ ਵਿਅਕਤੀਆਂ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਪੰਜਾਬ ਪੁਲਿਸ ਨਾਲ ਸਾਂਝੀ ਕਰਨ ਤਾਂ ਜੋ ਉਹ ਉਨਾਂ ਦੀਆਂ ਗਤੀਵਿਧੀਆਂ 'ਤੇ ਤਿੱਖੀ ਨਜਰ ਰੱਖੀ ਜਾ ਸਕੇ ਅਤੇ ਕਿਸੇ ਵੀ ਅਪਰਾਧਿਕ ਗਤੀਵਿਧੀ ਵਿੱਚ ਸ਼ਾਮਲ ਪਾਏ ਜਾਣ ਵਾਲੇ ਵਿਅਕਤੀਆਂ ਵਿਰੁੱਧ ਕਾਨੂੰਨੀ ਕਾਰਵਾਈ ਨੂੰ ਯਕੀਨੀ ਬਣਾਇਆ ਜਾ ਸਕੇ।

ਸਪੈਸ਼ਲ ਡੀਜੀਪੀ ਅਰਪਿਤ ਸੁਕਲਾ ਨੇ ਸੀਪੀਜ/ਐਸਐਸਪੀਜ ਨੂੰ ਹਦਾਇਤ ਕੀਤੀ ਕਿ ਉਹ ਆਪੋ-ਆਪਣੇ ਅਧਿਕਾਰ ਖੇਤਰਾਂ ਵਿੱਚ ਖਾਸ ਤੌਰ 'ਤੇ ਰਾਤ ਵੇਲੇ ਪੁਲਿਸ ਚੌਕੀਆਂ ਨੂੰ ਵਧਾਉਣ ਅਤੇ ਹਰ ਨਾਕੇ 'ਤੇ ਵੱਧ ਤੋਂ ਵੱਧ ਵਾਹਨਾਂ ਦੀ ਚੈਕਿੰਗ ਨੂੰ ਯਕੀਨੀ ਬਣਾਉਣ, ਜਿਸ ਨਾਲ ਅੱਤਵਾਦੀ ਅਤੇ ਅਪਰਾਧਿਕ ਗਤੀਵਿਧੀਆਂ ਨੂੰ ਠੱਲ ਪਾਈ ਜਾ ਸਕੇ। ਉਨਾਂ ਸਲਾਹ ਦਿੱਤੀ ਕਿ ਸਾਰੇ ਨਾਕਿਆਂ ਨੂੰ ਇਸ ਤਰੀਕੇ ਨਾਲ ਸਿੰਕ੍ਰੋਨਾਈਜ ਕੀਤਾ ਜਾਣਾ ਚਾਹੀਦਾ ਹੈ ਕਿ ਉਹ ਇੱਕ ਕਾਲ 'ਤੇ ਤੁਰੰਤ ਹੀ ਮੁਸਤੈਦ ਹੋ ਜਾਣ।

ਉਨਾਂ ਨੇ ਸਰਹੱਦੀ ਖੇਤਰਾਂ ਵਿੱਚ ਤਸਕਰਾਂ ਅਤੇ ਅਪਰਾਧੀਆਂ ਦਰਮਿਆਨ ਗਠਜੋੜ ਨੂੰ ਰੋਕਣ ਲਈ ਸਰਹੱਦੀ ਖੇਤਰਾਂ ਵਿੱਚ ਗ੍ਰਾਮ ਸੁਰੱਖਿਆ ਕਮੇਟੀਆਂ (ਵੀਡੀਸੀ) ਨੂੰ ਸਰਗਰਮ ਕਰਨ ਦਾ ਪ੍ਰਸਤਾਵ ਵੀ ਦਿੱਤਾ। ਵਿਸ਼ੇਸ਼ ਡੀਜੀਪੀ ਅਰਪਿਤ ਸ਼ੁਕਲਾ ਨੇ ਕਿਹਾ, "ਇਹ ਕਮੇਟੀਆਂ ਪੁਲਿਸ ਦੀਆਂ ਅੱਖਾਂ ਅਤੇ ਕੰਨਾਂ ਵਜੋਂ ਕੰਮ ਕਰਨਗੀਆਂ ਅਤੇ ਸਰਹੱਦੀ ਰਾਜ ਵਿੱਚੋਂ ਨਸ਼ਾ, ਅੱਤਵਾਦੀਆਂ ਅਤੇ ਗੈਂਗਸਟਰਾਂ ਦਾ ਸਫਾਇਆ ਕਰਨ ਲਈ ਪੰਜਾਬ ਪੁਲਿਸ ਦੀਆਂ ਕੋਸ਼ਿਸ਼ਾਂ ਨੂੰ ਦੂਣ-ਸਵਾਇਆ ਕਰਨਗੀਆਂ।

ਇਸ ਦੌਰਾਨ ਐਸਐਸਪੀ ਅੰਮ੍ਰਿਤਸਰ ਦਿਹਾਤੀ ਸਤਿੰਦਰ ਸਿੰਘ, ਐਸਐਸਪੀ ਬਟਾਲਾ ਅਸ਼ਵਨੀ ਗੋਟਿਆਲ, ਐਸਐਸਪੀ ਗੁਰਦਾਸਪੁਰ ਹਰੀਸ਼ ਦਿਆਮਾ, ਐਸਐਸਪੀ ਪਠਾਨਕੋਟ ਹਰਕਮਲਪ੍ਰੀਤ ਸਿੰਘ ਖੱਖ, ਐਸਐਸਪੀ ਫਾਜਿਲਕਾ ਅਵਨੀਤ ਕੌਰ ਸਿੱਧੂ, ਐਸਐਸਪੀ ਫਿਰੋਜਪੁਰ ਭੁਪਿੰਦਰ ਸਿੰਘ ਅਤੇ ਐਸਐਸਪੀ ਤਰਨਤਾਰਨ ਗੁਰਮੀਤ ਸਿੰਘ ਚੌਹਾਨ ਵੀ ਹਾਜਰ ਹੋਏ।

# ਨਿਊਜ਼ੀਲੈਂਡ ਵਿਚ ਬਹੁਮੰਜ਼ਿਲਾ ਇਮਾਰਤ ਦੇ ਲਾਜ 'ਚ ਲੱਗੀ ਅੱਗ, 6 ਲੋਕਾਂ ਦੀ ਮੌਤ

ਵੈਲਿੰਗਟਨ, 18 ਮਈ (ਪੋਸਟ ਬਿਊਰੋ): ਨਿਊਜ਼ੀਲੈਂਡ ਦੇ ਵੈਲਿੰਗਟਨ ਵਿੱਚ ਇੱਕ ਬਹੁ-ਮੰਜ਼ਿਲਾ ਲਾਜ ਵਿੱਚ ਅੱਗ ਲੱਗਣ ਕਾਰਨ ਛੇ ਲੋਕਾਂ ਦੀ ਮੌਤ ਹੋ ਗਈ। ਹਾਦਸੇ ਦੀ ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੇ ਕਰਮਚਾਰੀ ਮੌਕੇ 'ਤੇ ਪਹੁੰਚ ਗਏ। ਕਈ ਲੋਕਾਂ ਨੂੰ ਇਮ-ਾਰਤ 'ਚੋਂ ਕੱਢ ਕੇ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਮਰਨ ਵਾਲਿਆਂ ਦੀ ਗਿਣਤੀ ਹੋਰ ਵਧ ਸਕਦੀ ਹੈ।

ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ ਨਿਊਜ਼ੀਲੈਂਡ (ਫੇਨਜ਼) ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਹਾਦਸੇ ਵਿੱਚ ਕਈ ਲੋਕ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਹਨ। ਨਿਊਜ਼ੀਲੈਂਡ ਦੇ ਪੀਐਮ ਕ੍ਰਿਸ ਹਿਪਕਿਨਸ ਨੇ ਦੱਸਿਆ ਕਿ ਮਰਨ



ਵਾਲਿਆਂ ਦੀ ਗਿਣਤੀ 10 ਤੱਕ ਵਧ ਸਕਦੀ ਹੈ। ਹੁਣ ਤੱਕ 52 ਲੋਕਾਂ ਨੂੰ ਬਚਾਇਆ ਜਾ ਚੁੱਕਾ ਹੈ।

ਇਹ ਅੱਗ ਵੇਲਿੰਗਟਨ ਦੇ ਲੋਫਰ ਲਾਜ ਦੀ ਉਪਰਲੀ ਮੰਜ਼ਿਲ 'ਤੇ ਲੱਗੀ। ਫਿਲਹਾਲ ਪੁਲਿਸ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲਗਾ ਸਕੀ ਹੈ। ਵੈਲਿੰਗਟਨ ਸਿਟੀ ਕੌਂਸਲ ਦੇ ਬੁਲਾਰੇ ਰਿਚਰਡ ਮੈਕਲੀਨ ਨੇ ਦੱਸਿਆ ਕਿ ਇਮਾਰਤ ਵਿੱਚ ਕਈ ਬਜ਼ੁਰਗ ਲੋਕ ਸਨ, ਜੋ ਅੱਗ ਲੱਗਣ ਤੋਂ ਤੁਰੰਤ ਬਾਅਦ ਭੱਜ ਗਏ। ਕਈ ਲੋਕਾਂ ਨੂੰ ਵੈਲਿੰਗਟਨ ਹਸਪਤਾਲ ਲਿਜਾਇਆ ਗਿਆ, ਜਿਨ੍ਹਾਂ ਵਿੱਚੋਂ ਇੱਕ ਦੀ ਹਾਲਤ ਗੰਭੀਰ ਹੈ।

# ਭਾਰਤੀ-ਅਮਰੀਕੀ ਡਾਕਟਰ ਨੂੰ ਹੋਵੇਗੀ 20 ਸਾਲ ਦੀ ਜੇਲ੍ਹ

ਕੈਲੀਫੋਰਨੀਆ, 18 ਮਈ (ਪੋਸਟ ਬਿਊਰੋ): ਕੈਲੀਫੋਰਨੀਆ ਵਿਚ ਇੱਕ 76 ਸਾਲਾ ਭਾਰਤੀ-ਅਮਰੀਕੀ ਡਾਕਟਰ ਨੂੰ ਇਲਾਜ ਲਈ ਪਾਬੰਦੀਸ਼ੁਦਾ ਦਵਾਈਆਂ ਦੇਣ ਦਾ ਦੋਸ਼ੀ ਪਾਇਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਡਾਕਟਰ ਨੇ ਖੁਦ ਮੰਨਿਆ ਕਿ ਉਸ ਨੇ ਪਾਬੰਦੀਸ਼ੁਦਾ ਉਪੀਔਡਜ਼ ਸਮੇਤ ਹੋਰ ਦਵਾਈਆਂ ਗੈਰ-ਕਾਨੂੰਨੀ ਤੌਰ 'ਤੇ ਤਜਵੀਜ਼ ਕੀਤੀਆਂ ਸਨ।

ਅਮਰੀਕੀ ਅਟਾਰਨੀ ਫਿਲਿਪ ਏ. ਟੈਲਬਰਟ ਦੇ ਅਨੁਸਾਰ, ਮੋਡੈਸਟੋ ਦੇ ਸਵਤੰਤਰ ਚੋਪੜਾ ਨੂੰ ਪਿਛਲੇ



ਬੁੱਧਵਾਰ ਨੂੰ ਪਾਬੰਦੀਸ਼ੁਦਾ ਉਪੀਔਡਜ਼ ਅਤੇ ਹੋਰ ਦਵਾਈਆਂ ਦੇਣ ਦੇ ਦੋਸ਼ਾਂ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। ਉਸ ਖ਼ਿਲਾਫ਼ ਤਿੰਨ ਕੇਸ ਦਰਜ ਸਨ, ਜਿਨ੍ਹਾਂ ਨੂੰ ਉਸ ਨੇ ਸਵੀਕਾਰ ਕਰ ਲਿਆ ਹੈ। ਆਪਣੇ ਅਭਿਆਸ ਦੌਰਾਨ, ਉਸ ਨੇ ਮਰੀਜ਼ਾਂ ਨੂੰ ਦਵਾਈਆਂ ਲੈਣ ਲਈ ਕਿਹਾ ਸੀ ਜਿਨ੍ਹਾਂ 'ਤੇ ਪਾਬੰਦੀ ਲਗਾਈ ਗਈ ਸੀ। ਇਹ ਦਵਾਈਆਂ ਅਫੀਮ ਤੋਂ ਬਣੀਆਂ ਹਨ। ਤੁਸੀਂ ਇਸ ਨਾਲ ਨਸ਼ਾ ਕਰਦੇ ਹੋ। ਇਸ ਲਈ, ਇਹ ਦਵਾਈਆਂ ਉਦੋਂ ਹੀ ਤਜਵੀਜ਼ ਕੀਤੀਆਂ ਜਾ ਸਕਦੀਆਂ ਹਨ ਜਦੋਂ ਇਹ ਮਰੀਜ਼ ਦੀ ਸਿਹਤ ਲਈ ਬਹੁਤ ਜ਼ਰੂਰੀ ਹੋਵੇ। ਅਧਿਕਾਰੀ ਨੇ ਕਿਹਾ ਕਿ ਚੋਪੜਾ ਨੇ 2020 ਵਿੱਚ ਆਪਣਾ ਮੈਡੀਕਲ ਲਾਇਸੈਂਸ ਸਪੁਰਦ ਕਰ ਦਿੱਤਾ ਸੀ ਕਿਉਂਕਿ ਮਾਮਲਾ ਲੰਬਿਤ ਸੀ। ਹੁਣ ਦੋਸ਼ੀ ਨੂੰ 5 ਸਤੰਬਰ ਨੂੰ ਸਜ਼ਾ ਸੁਣਾਈ ਜਾਣੀ ਹੈ।






# ਕੀ ਬਿਆਨ ਕਰਦਾ ਹੈ ਜਲੰਧਰ ਦੀ ਲੋਕ ਸਭਾ ਚੋਣ ਦਾ ਨਤੀਜਾ !

ਜਤਿੰਦਰ ਪਨੂੰ ਦੀ ਕਲਮ ਤੋਂ



ਇਹ ਸਤਰਾਂ ਲਿਖਣ ਤੱਕ ਪੰਜਾਬ ਦੇ ਜਲੰਧਰ ਲੋਕ ਸਭਾ ਹਲਕੇ ਦੀ ਉੱਪ ਚੋਣ ਦਾ ਨਤੀਜਾ ਆ ਚੁੱਕਾ ਹੈ। ਪੰਜਾਬ ਦੀ ਸਰਕਾਰ ਦੀ ਅਗਵਾਈ ਕਰਦੀ ਆਮ ਆਦਮੀ ਪਾਰਟੀ ਦਾ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਇਹ ਸੀਟ ਵੱਡੇ ਫਰਕ ਨਾਲ ਜਿੱਤਣ ਵਿੱਚ ਸਫਲ ਹੋਇਆ ਹੈ।

ਕਾਂਗਰਸ ਪਾਰਟੀ ਦੇ ਚੌਧਰੀ ਸੰਤੋਖ ਸਿੰਘ ਪਿਛਲੀ ਪਾਰਲੀਮੈਂਟ ਚੋਣ ਦੌਰਾਨ ਇਸ ਹਲਕੇ ਤੋਂ ਜਿੱਤੇ ਸਨ ਅਤੇ ਇਸ ਸਾਲ ਦੇ ਸ਼ੁਰੂ ਵਿੱਚ ਕਾਂਗਰਸ ਪਾਰਟੀ ਦੇ ਕੌਮੀ ਲੀਡਰ ਰਾਹੁਲ ਗਾਂਧੀ ਜਦੋਂ ਸਾਰੇ ਦੇਸ਼ ਵਿੱਚ ਯਾਤਰਾ ਕਰਦੇ ਹੋਏ ਏਥੇ ਆਏ ਸਨ ਤਾਂਉਨ੍ਹਾਂ ਨਾਲ ਤੁਰੇ ਜਾਂਦੇ ਚੌਧਰੀ ਸੰਤੋਖ ਸਿੰਘ ਨੂੰ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਉਨ੍ਹਾਂ ਦਾ ਦੇਹਾਂਤ ਹੋ ਗਿਆ ਸੀ। ਕਾਂਗਰਸ ਪਾਰਟੀ ਨੇ ਆਪਣੇ ਆਗੂ ਚੌਧਰੀ ਸੰਤੋਖ ਸਿੰਘ ਦੇ ਦੇਹਾਂਤ ਕਾਰਨ ਖਾਲੀ ਹੋਈ ਸੀਟ ਉੱਤੇ ਉਸ ਦੀ ਪਤਨੀ ਬੀਬੀ ਕਰਮਜੀਤ ਕੌਰ ਨੂੰ ਇਹ ਸੋਚ ਕੇ ਖੜਾ ਕੀਤਾ ਸੀ ਕਿ ਹਮਦਰਦੀ ਦੀ ਵੋਟ ਵੀ ਮਿਲੇਗੀ ਤੇ ਉਸ ਦੇ ਬਹਾਨੇ ਪੰਜਾਬ ਦੀ ਸਾਰੀ ਲੀਡਰਸ਼ਿਪ ਇਕੱਠੀ ਹੋ ਕੇ ਵੀ ਚੱਲ ਪਵੇਗੀ। ਬਾਅਦ ਵਿੱਚ ਇਹ ਗੱਲ ਵੇਖੀ ਗਈ ਕਿ ਪਾਰਟੀ ਦੀ ਪੰਜਾਬ ਦੀ ਲੀਡਰਸ਼ਿਪ ਕਾਗਜ਼ ਦਾਖਲ ਕਰਾਉਣ ਤੱਕ ਹੀ ਇਕੱਠੀ ਰਹੀ ਤੇ ਉਸ ਦੇ ਬਾਅਦ ਸਾਰਿਆਂ ਦੇ ਰਾਹ ਵੀ ਅੱਡੋ-ਅੱਡ ਅਤੇ ਬੋਲੀ ਵੀ ਹਰ ਕੋਈ ਆਪਣੀ ਵੱਖਰੀ ਬੋਲਦਾ ਸੁਣਦਾ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਬਹੁਤ ਜ਼ੋਰਦਾਰ ਚੋਣ ਮੁਹਿੰਮ ਚਲਾਉਣ ਦੇ ਬਾਵਜੂਦ ਕਾਂਗਰਸ ਆਪਣੀ ਰਿਵਾਇਤੀ ਸੀਟ ਗੁਆ ਬੈਠੀ ਹੈ। ਉਂਜ ਇਸ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਵੀ ਆਪਣੀ ਪੰਜਾਬ ਦੀ ਲੀਡਰਸ਼ਿਪ ਅਤੇ ਜਲੰਧਰ ਦੀ ਉਮੀਦਵਾਰ ਬੀਬੀ ਕਰਮਜੀਤ ਕੌਰ ਦਾ ਸਾਥ ਓਦਾਂ ਨਹੀਂ ਦਿੱਤਾ, ਜਿੱਦਾਂ ਦੇਣਾ ਚਾਹੀਦਾ ਸੀ ਤੇ ਹੋਰ ਤਾਂ ਹੋਰ, ਕੇਂਦਰ ਤੋਂ ਕੋਈ ਪ੍ਰਮੁੱਖ ਲੀਡਰ ਵੀ ਜਲੰਧਰ ਵਿੱਚ ਚੋਣ ਪ੍ਰਚਾਰ ਕਰਨ ਲਈ ਨਹੀਂ ਸੀ ਆਇਆ, ਪੰਜਾਬ ਵਾਲੇ ਹੀ ਤੁਰੇ ਫਿਰਦੇ ਦਿੱਸਦੇ ਸਨ।

ਦੂਸਰੇ ਪਾਸੇ ਅਕਾਲੀ ਦਲ ਦਾ ਗੱਠਜੋੜ ਬਹੁਜਨ ਸਮਾਜ ਪਾਰਟੀ ਨਾਲ ਸੀ ਤੇ ਦਾਅਵੇ ਭਾਵੇਂ ਉਹ ਇਸ ਸੀਟ ਨੂੰ ਜਿੱਤਣ ਦੇ ਕਰਦੇ ਸਨ, ਅਮਲ ਵਿੱਚ ਉਹ ਬੁਰੀ ਤਰ੍ਹਾਂ ਪਛੜ ਗਏ। ਉਮੀਦਵਾਰ ਉਨ੍ਹਾਂ ਨੇ ਬੰਗਾ ਹਲਕੇ ਦਾ ਵਿਧਾਇਕ ਤੇ ਨਵਾਂ ਸ਼ਹਿਰ ਇਲਾਕੇ ਵਿੱਚ ਜਾਣਿਆ-ਪਛਾਣਿਆ ਤੇ ਸੁਥਰੇ ਅਕਸ ਵਾਲਾ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਲਿਆ ਕੇ ਪੇਸ਼ ਕੀਤਾ ਸੀ। ਉਹ ਬੰਗਾ ਹਲਕੇ ਵਿੱਚੋਂ ਓਦੋਂ ਵੀ ਅਕਾਲੀ ਦਲ ਵੱਲੋਂ ਵਿਧਾਇਕ ਚੁਣਿਆ ਗਿਆ ਸੀ ਤੇ ਸਾਰੇ ਦੋਆਬੇ ਵਿੱਚੋਂ ਇਕੱਲਾ ਅਕਾਲੀ ਵਿਧਾਇਕ ਬਣਿਆ ਸੀ, ਜਦੋਂ ਸਾਰੇ ਪੰਜਾਬ ਵਿੱਚ ਇਸ ਪਾਰਟੀ ਦੀ ਏਨੀ ਬੁਰੀ ਹਾਲਤ ਸੀ ਕਿ ਇੱਕ ਸੌ ਸਤਾਰਾਂ ਵਿੱਚੋਂ ਮਸਾਂ ਤਿੰਨ ਸੀਟਾਂ ਜਿੱਤ ਸਕੀ ਸੀ। ਅਕਾਲੀ ਦਲ ਨੂੰ ਇਸ ਸਮੇਂ ਦੌਰਾਨ ਇੱਕ ਸੱਟ ਸਾਬਕਾ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਦੇਹਾਂਤ ਕਾਰਨ ਵੀ ਪਈ। ਉਸ ਕਾਰਨ ਕਈ ਦਿਨ ਪਾਰਟੀ ਲੀਡਰਸ਼ਿਪ ਚੋਣ ਪ੍ਰਚਾਰ ਵਿੱਚੋਂ ਲਾਂਭੇ ਰਹਿਣ ਨੂੰ ਮਜਬੂਰ ਹੋਈ ਤੇ ਉਹੀ ਪੰਜ-ਛੇ ਦਿਨ ਬਾਕੀ ਪਾਰਟੀਆਂ ਚੋਖਾ ਕੰਮ ਕਰਨ ਨਾਲ ਇਸ ਤੋਂ ਅੱਗੇ ਲੰਘ ਗਈਆਂ ਹੋਣਗੀਆਂ। ਪਾਰਟੀ ਦੇ ਹੇਠਲੇ ਪੱਧਰ ਦੇ ਵਰਕਰਾਂ ਵਿੱਚ ਪਿਛਲੇ ਸਾਲ ਦੀਆਂ ਵਿਧਾਨ ਸਭਾ ਚੋਣਾਂ ਦੇ ਵਕਤ ਵੇਖੀ ਗਈ ਬੇ-ਦਿਲੀ ਵੀ ਹਾਲੇ ਤੱਕ ਦੂਰ ਨਹੀਂ ਹੋ ਸਕੀ, ਉਹ




ਬੇਅਦਬੀ ਅਤੇ ਹੋਰ ਮੁੱਦਿਆਂ ਕਾਰਨਆਮ ਲੋਕਾਂ ਕੋਲ ਜਾਣ ਵਿੱਚ ਝਿਜਕ ਮਹਿਸੂਸ ਕਰਦੇ ਰਹੇ ਤੇ ਪਤਾ ਨਹੀਂ ਹੋਰ ਕਦੋਂ ਤੱਕ ਮਹਿਸੂਸ ਕਰਦੇ ਰਹਿਣਗੇ। ਇਨ੍ਹਾਂ ਗੱਲਾਂ ਦਾ ਇਸ ਪਾਰਟੀ ਦੀ ਹਾਰ ਅਤੇ ਬਹੁਤ ਹੀ ਘੱਟ ਵੋਟ ਮਿਲਣ ਪਿੱਛੇ ਵੱਡਾ ਕਾਰਨ ਜਾਪਦਾ ਹੈ।

ਭਾਰਤੀ ਜਨਤਾ ਪਾਰਟੀ ਵਾਲਿਆਂ ਦੀ ਕੇਂਦਰੀ ਲੀਡਰਸ਼ਿਪ ਨੇ ਸਾਰਾ ਤਾਣ ਇਸ ਗੱਲ ਲਈ ਲਾਇਆ ਸੀ ਕਿ ਸੀਟ ਜਿੱਤਣ ਦੀ ਸੰਭਾਵਨਾ ਤਾਂ ਬਣਦੀ ਨਹੀਂ ਲੱਗਦੀ, ਅਕਾਲੀ ਪਾਰਟੀ ਤੋਂ ਆਪਣੀਆਂ ਵੋਟਾਂ ਵਧਾ ਕੇ ਇਹ ਸਾਬਤ ਕੀਤਾ ਜਾਵੇ ਕਿ ਉਹ ਪੰਜਾਬ ਵਿੱਚ ਅਕਾਲੀ ਦਲ ਤੋਂ ਵੱਡੇ ਆਧਾਰ ਵਾਲੇ ਹਨ। ਅਗਲੇ ਸਾਲ ਲੋਕ ਸਭਾ ਚੋਣਾਂ ਤੋਂ ਪਹਿਲਾਂ ਫਿਰ ਦੋਵਾਂ ਪਾਰਟੀਆਂ ਦੇ ਗੱਠਜੋੜ ਦੀਆਂ ਸੰਭਾਵਨਾਵਾਂ ਵਾਸਤੇ ਇਹ ਗੱਲ ਭਾਜਪਾ ਲਈ ਜ਼ਰੂਰੀ ਸੀ ਕਿ ਜਿਵੇਂ ਸੰਗਰੂਰ ਚੋਣ ਦੌਰਾਨ ਉਸ ਦੀਆਂ ਅਕਾਲੀਆਂ ਤੋਂ ਵੱਧ ਵੋਟਾਂ ਨਿਕਲੀਆਂ ਸਨ, ਏਥੇ ਜਲੰਧਰ ਵਿੱਚ ਵੀ ਹੋਣ, ਪਰ ਉਹ ਇਸ ਵਿੱਚ ਸਫਲ ਨਹੀਂ ਹੋ ਸਕੇ ਅਤੇ ਅਕਾਲੀਆਂ ਦੀਆਂ ਵੋਟਾਂ ਕੁਝ ਵਧ ਗਈਆਂ ਹਨ। ਫਿਰ ਵੀ ਹਰ ਕੋਈ ਜਾਣਦਾ ਹੈ ਕਿ ਇਹ ਵੋਟਾਂ ਇਕੱਲੇ ਅਕਾਲੀ ਦਲ ਦੀਆਂ ਨਾ ਹੋ ਕੇ ਬਹੁਜਨ ਸਮਾਜ ਪਾਰਟੀ ਦੇ ਸਿਰੜੀ ਸਮੱਰਥਕਾਂ ਦੀਆਂ ਵੋਟਾਂ ਸਮੇਤ ਹਨ ਤੇ ਬਸਪਾ ਦੀਆਂ ਵੋਟਾਂ ਅਕਾਲੀਆਂ ਤੋਂ ਵੱਧ ਹੋ ਸਕਦੀਆਂ ਹਨ। ਇੱਕ ਤਰ੍ਹਾਂ ਇਸ ਚੋਣ ਵਿੱਚ ਅਕਾਲੀ ਦਲ ਦੀ ਲੀਡਰਸ਼ਿਪ ਲਈ ਬਹੁਜਨ ਸਮਾਜ ਪਾਰਟੀ ਦਾ ਸਾਥ ਇਨ੍ਹਾਂ ਦੀ ਇੱਜ਼ਤ ਬਚਾਉਣ ਵਾਲਾ ਸਾਬਤ ਹੋਇਆ ਹੈ, ਵਰਨਾ ਹੋਰ ਵੋਟਾਂ ਘਟਣ ਨਾਲ ਭਾਜਪਾ ਤਾਂ ਭਾਰੂ ਹੋਣੀ ਹੀ ਸੀ, ਪੰਜਾਬੀਆਂ ਦੀ ਖੇਤਰੀ ਪਾਰਟੀ ਹੋਣ ਦਾ ਦਾਅਵਾ ਵੀ ਹੋਰ ਕਮਜ਼ੋਰ ਹੋ ਜਾਣਾ ਸੀ।

ਰਹਿ ਗਈ ਗੱਲ ਆਮ ਆਦਮੀ ਪਾਰਟੀ ਦੀ, ਉਸ ਦੀ ਇਹ ਅਪੀਲ ਆਮ ਲੋਕਾਂ ਉੱਤੇ ਚੋਖਾ ਅਸਰ ਕਰਨ ਵਾਲੀ ਸੀ ਕਿ ਬਾਕੀ ਪਾਰਟੀਆਂ ਨੂੰ ਪਿਛਲੇ ਸੱਤਰ ਸਾਲਾਂ ਤੋਂ ਮੌਕਾ ਦਿੱਤਾ ਜਾਂਦਾ ਰਿਹਾ ਹੈ, ਸਾਡੀ ਪਾਰਟੀ ਨੂੰ ਅਗਲੀ ਲੋਕ ਸਭਾ ਚੋਣ ਤੱਕ ਦਾ ਬਾਕੀ ਰਹਿੰਦਾ ਇੱਕ ਸਾਲ ਦੇ ਕੇ ਪਰਖ ਲਿਆ ਜਾਵੇ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਕਹਿਣਾ ਸੀ ਕਿ ਉਸ ਨੇ ਪੰਜ ਸਾਲ ਲੋਕ ਸਭਾ ਵਿੱਚ ਲੋਕਾਂ ਦੇ ਮੁੱਦੇ ਚੁੱਕੇ ਤਾਂ ਸੰਗਰੂਰ ਵਾਲਿਆਂ ਨੇ ਫਿਰ ਓਸੇ ਨੂੰ ਚੁਣ ਲਿਆ ਸੀ ਤੇ ਜਲੰਧਰ ਤੋਂ ਉਨ੍ਹਾਂ ਦਾ ਉਮੀਦਵਾਰ ਚੁਣਿਆ ਗਿਆ ਤਾਂ ਉਹ ਵੀ ਪਾਰਟੀ ਲੀਡਰਸ਼ਿਪ ਦੀ ਅਗਵਾਈ ਹੇਠ ਇਹ ਸਾਬਤ ਕਰੇਗਾ ਕਿ ਲੋਕਾਂ ਦੀ ਅਸਲੀ ਪ੍ਰਤੀਨਿਧਤਾ ਇਸ ਤਰ੍ਹਾਂ ਕੀਤੀ ਜਾਂਦੀ ਹੈ। ਵਿਰੋਧੀ ਪਾਰਟੀਆਂ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇ ਕਾਂਗਰਸ ਤੋਂ ਦਲਬਦਲੀ ਕਰ ਕੇ ਆਉਣ ਦਾ ਮੁੱਦਾ ਚੋਖਾ ਚੁੱਕਿਆ, ਪਰ ਲੋਕਾਂ ਨੇ ਇਸ ਨੂੰ ਇਸ ਕਰ ਕੇ ਨਹੀਂ ਗੌਲਿਆ ਕਿ ਬਾਕੀ ਪਾਰਟੀਆਂ ਵਿੱਚੋਂ ਵੀ ਕਈ ਆਗੂ ਕਈ-ਕਈ ਵਾਰੀ ਇਹੋ ਕੁਝ ਕਰ ਚੁੱਕੇ ਹਨ ਅਤੇ ਇਹ ਖੇਡ ਆਮ ਆਦਮੀ ਪਾਰਟੀ ਨੇ ਨਹੀਂ ਸੀ ਸ਼ੁਰੂ ਕੀਤੀ, ਪਹਿਲਾਂ ਤੋਂ ਚੱਲਦੀ ਆਈ ਸੀ। ਜਿਸ ਪੰਜਾਬ ਰਾਜ ਵਿੱਚ ਮੁੱਖ ਮੰਤਰੀ ਵੀ ਦਲਬਦਲੀਆਂ ਕਰਦੇ ਫਿਰਦੇ ਹੋਣ, ਓਥੇ ਲੋਕ ਸਭਾ ਚੋਣ ਲਈ ਖੜੇ ਉਮੀਦਵਾਰ ਦੀ ਚਰਚਾ ਨਹੀਂ ਸੀ ਚੱਲਣੀ।

ਆਮ ਆਦਮੀ ਪਾਰਟੀ ਦਾ ਇਹ ਦਾਅਵਾ ਵੀ ਹੱਕੀ ਜਾਪਦਾ ਹੈ ਕਿ ਉਸ ਨੇ ਪਿਛਲੇ ਸਮੇਂ ਵਿੱਚ ਆਮ ਲੋਕਾਂ ਲਈ ਸਹੂਲਤਾਂ ਦੇਣ ਦਾ ਉਪਰਾਲਾ ਚੋਖਾ ਕੀਤਾ ਸੀ। ਜਦੋਂ ਉਸ ਨੇ ਹਰ ਕਿਸੇ ਘਰ ਲਈ ਬਿਜਲੀ ਮੁਫਤ ਕਰਨ ਵਾਲਾ ਐਲਾਨ ਕੀਤਾ ਤਾਂ ਦੋ ਗੱਲਾਂ ਉਸ ਦੇ ਖਿਲਾਫ ਕਹੀਆਂ ਜਾ ਰਹੀਆਂ ਸਨ। ਇੱਕ ਤਾਂ ਇਹ ਕਿ ਮੁਫਤ ਬਿਜਲੀ ਦਾ ਏਡਾ ਬੋਝ ਪੰਜਾਬ ਦੀ ਬਿਜਲੀ ਕਾਰਪੋਰੇਸ਼ਨ ਤੋਂ ਚੁੱਕਿਆ ਨਹੀਂ ਜਾਣਾ ਤੇ ਪੰਜਾਬ ਸਰਕਾਰ ਹੋਰ ਕਰਜ਼ੇ ਹੇਠ ਆ ਜਾਵੇਗੀ ਅਤੇ ਦੂਸਰਾ ਇਹ ਕਿ ਆਮ ਆਦਮੀ ਪਾਰਟੀ ਲੋਕਾਂ ਨੂੰ ਮੁਫਤ ਰਿਉੜੀਆਂ ਵੰਡਣ ਦਾ ਚਸਕਾ ਲਾ ਰਹੀ ਹੈ। ਮੁਫਤ ਰਿਉੜੀਆਂ ਵੰਡਣ ਵਾਲਾ ਕੰਮ ਬਹੁਤ ਪਹਿਲਾਂ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐੱਨ ਟੀ ਰਾਮਾ ਰਾਓ ਨੇ ਸ਼ੁਰੂ ਕੀਤਾ ਅਤੇ ਫਿਰ ਸਭ ਪਾਰਟੀਆਂ ਹੀ ਇਹ ਕੰਮ ਕਰਦੀਆਂ ਰਹੀਆਂ ਸਨ ਤੇ ਇਹਵੀਸਾਰੇ ਲੋਕ ਜਾਣਦੇ ਸਨ। ਬਿਜਲੀ ਸਬਸਿਡੀ ਨਾਲ ਪੈਂਦੇ ਬੋਝ ਬਾਰੇ ਇਹ ਪਾਰਟੀ ਸਾਫ ਕਹਿੰਦੀ ਸੀ ਕਿ ਚੋਰ-ਮਘੋਰੇ ਬੰਦ ਕਰਵਾ ਕੇ ਇਹ ਖਰਚਾ ਵੀ ਪੂਰਾ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਮੁਫਤ ਦਿੱਤੀ ਬਿਜਲੀ ਵਾਲੇ ਵੀਹ ਹਜ਼ਾਰ ਕਰੋੜ ਰੁਪਏ ਆਪਣੇ ਵਾਅਦੇ ਮੁਤਾਬਕ ਪਾਵਰ ਕਾਰਪੋਰੇਸ਼ਨ ਦੇ ਖਾਤੇ ਵਿੱਚ ਪਾ ਦਿੱਤੇ ਤੇ ਪਿਛਲੀ ਸਰਕਾਰ ਵੇਲੇ ਦੇ ਮੁਫਤ ਬਿਜਲੀ ਦੇ ਕਰਜ਼ੇ ਵਾਲੇ ਨੌਂ ਹਜ਼ਾਰ ਕਰੋੜ ਵਿੱਚੋਂ ਵੀ ਇਸ ਨੇ ਅਠਾਰਾਂ ਸੌ ਕਰੋੜ ਰੁਪਏ ਭੁਗਤਾਨ ਅਤੇ ਸਾਢੇ ਛੇ ਸੌ ਕਰੋੜ ਤੋਂ ਵੱਧ ਦਾ ਵਿਆਜ਼ ਵੀ ਭਰ ਦਿੱਤਾ। ਇਸ ਨਾਲ ਪੰਜਾਬ ਦੇ ਲੋਕਾਂ ਕੋਲ ਇਹ ਗੱਲ ਚਲੀ ਗਈ ਕਿ ਇਹ ਸਰਕਾਰ ਖਜ਼ਾਨੇ ਦੀ ਦੁਰਵਰਤੋਂ ਰੋਕ ਕੇ ਅਸਲ ਕੰਮਾਂ ਲਈ ਖਰਚਣ ਦੇ ਨਾਲ ਠੀਕ ਸੇਧ ਵਿੱਚ ਚੱਲ ਰਹੀ ਹੈ, ਜਿਸ ਕਾਰਨ ਸਰਕਾਰ ਤੇ ਪਾਰਟੀ ਦਾ ਅਕਸ ਵਧਿਆ ਹੈ। ਨਤੀਜਾ ਇਸ ਦਾ ਇਹ ਹੈ ਕਿ ਜਦੋਂ ਪਿਛਲੇ ਸਾਲ ਪੂਰੇ ਪੰਜਾਬ ਵਿੱਚ ਇਸ ਪਾਰਟੀ ਦੀ ਲਹਿਰ ਸੀ, ਓਦੋਂ ਇਸ ਜ਼ਿਲੇ ਵਿੱਚ ਲੋਕ ਸਭਾ ਸੀਟ ਹੇਠਲੀਆਂ ਨੌਂ ਵਿਧਾਨ ਸਭਾ ਸੀਟਾਂ ਵਿੱਚੋਂ ਮਸਾਂ ਚਾਰ ਜਿੱਤ ਸਕੀ ਸੀ, ਪਰ ਇਸ ਵਾਰ ਉਹ ਕਾਂਗਰਸ ਪਾਰਟੀ ਦਾ ਰਿਵਾਇਤੀ ਗੜ੍ਹ ਗਿਣੇ ਜਾਂਦੇ ਇਸ ਇਲਾਕੇ ਵਿੱਚੋਂ ਪਾਰਲੀਮੈਂਟ ਸੀਟ ਵੀ ਜਿੱਤ ਕੇ ਹਿੱਕ ਠੋਕਣ ਦੇ ਲਾਇਕ ਸਾਬਤ ਹੋ ਗਈ ਹੈ।

ਫਿਰ ਵੀ ਇਹ ਸਾਰੇ ਪ੍ਰਭਾਵ ਅੱਜ ਆਏ ਇਸ ਸੀਟ ਦੇ ਚੋਣ ਨਤੀਜੇ ਬਾਰੇ ਮੁੱਢਲੇ ਹੀ ਹਨ, ਇਸ ਸੀਟ ਅਤੇ ਇਸ ਰਾਜ ਦੀ ਸਿਆਸਤ ਬਾਰੇ ਅਸਲੀ ਅਤੇ ਸਾਰਾ ਲੇਖਾ-ਜੋਖਾ ਕੁਝ ਸਮਾਂ ਬਾਅਦ ਵੀ ਕੀਤਾ ਜਾ ਸਕਦਾ ਹੈ।

# McHappy Day Unites Thousands of Canadians Across the Country






McHappy Day unites thousands of Canadians across the country with their revived fundraising participation all over Canada including Brampton Mcdonald's Raylawson, Clarence, Tomken and Mclaughlin locations.

Mcdonald's Raylawson location at Main and Raylawson, celebrated McHappy Day in their own unique way. The success of this year's McHappy Day was a testament to the generosity and support of guests. Approximately 80% of McDonald's restaurants in Canada are independently owned and operated by a local McDonald's franchisers. The Franchise owner Frank runs the Raylawson Mcdonald and three other locations. "I wish we have McHappy Day quite more often during the Year," said Frank, while serving in the store with Micaela and other family members.

It was like a festival inside the Raylawson Mcdonald branch. Store Managers, Davinder kaur, Viresh, Aamna, Arvin, customer attendent and Maintenance Person Gurpreet Kaur and other Employees, volunteers from the Raylawson location managed to decorate the entire venue with balloons, in anticipation of those coming in for the event. The joy was clearly seen from the smile of the guests coming in and out of the restaurant. McHappy Days had a supersized turnout in at Raylawson location. "Let us go Drive-Thru," said one of the teenage girl who decided to go Drive-Thru with around 10 other girls, after looking at the Rush inside. Packing the drive-through and filling the store Swift Current came out in force for the national charity fundraiser.

Mom's were giving balloons to their kids. All the staff were enjoying themselves. The customers were really cheerful towards everybody. Many were greeting "McHappy Day" to each other. It was the busiest day of the year. One of the Regular customer Jerry Crane and group of Seniors were enjoying the day. Grade 6 student Tony, Rishtan, Ekam Singh were happy that they shared their part by buying the food.

All the donations supported Sick Kids Hospital and other charity organizations. Jennifer, The Ron McDonald Charity Director of Facilities, shared that they have 81 Rooms available, a safe and comforting place for families caring for their sick child receiving medical care at Sick Kids Children Hospital in Toronto Canada. The Ronald McDonald House gives you a place to sleep; it gives you a sense of family; it gives you anything essentially that you need to get through a tough time of having a sick child."

McDonald Canada is proud to announce that this year's McHappy Day® raised over $7.5 million for Ronald McDonald House Charities® (RMHC®) across Canada and other local children's charities. Thank you to Mr. Frank, the franchise owner of this restaurant, for his generosity and long-time support for the Sick Kids Hospital and other Charity organizations .It turned out to be a very successful McHappy Day in Brampton. Just like Kids were keeping the Canadian tradition alive by holding door for each other, Cheerful donors, kept the Canadian giving tradition alive by donating thousands of dollars for this noble cause. One Lady was having Canadian Flag Face Mask, setting the stage for June 1st Canada Day, another big incoming Canadian Festival same as McHappy Day. (Dave Jhamat) 647 453 2752 jhamat7@yahoo.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editor | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਮੋਬਾਈਲ ਕਾਰਨ ਬੱਚਿਆਂ ਵਿੱਚ ਮਾਨਸਿਕ ਵਿਕਾਰ ਵਧ ਰਹੇ ਹਨ

-ਵਿਜੈ ਗਰਗ-

ਬੱਚਿਆਂ ਦਾ ਮਨੋਰੰਜਨ ਕਰਨ ਲਈ ਰੈਟਲਾਂ ਵਰਗੇ ਮੋਬਾਈਲ ਉਨ੍ਹਾਂ ਨੂੰ ਸੌਂਪਣ ਦੇ ਫੈਸ਼ਨ ਦੇ ਨੁਕਸਾਨਦੇਹ ਪ੍ਰਭਾਵ ਹੁਣ ਸਾਹਮਣੇ ਆ ਰਹੇ ਹਨ। ਇਕ ਅੰਤਰਰਾਸ਼ਟਰੀ ਅਧਿਐਨ ਨੇ ਇਨ੍ਹਾਂ ਖਦਸ਼ਿਆਂ ਦੀ ਪੁਸ਼ਟੀ ਕੀਤੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਬੱਚਿਆਂ ਨੂੰ ਛੋਟੀ ਉਮਰ 'ਚ ਹੀ ਸਮਾਰਟਫ਼ੋਨ ਦਿੱਤੇ ਜਾਣ 'ਤੇ ਕਈ ਤਰ੍ਹਾਂ ਦੇ ਮਾਨਸਿਕ ਵਿਕਾਰ ਸਾਹਮਣੇ ਆ ਰਹੇ ਹਨ। ਇਸ ਗਲੋਬਲ ਸਰਵੇਖਣ ਦੇ ਨਤੀਜੇ ਪਿਛਲੇ ਸੋਮਵਾਰ ਨੂੰ ਜਨਤਕ ਕੀਤੇ ਗਏ ਸਨ। ਸਰਵੇਖਣ ਦੇ ਨਤੀਜਿਆਂ ਵਿੱਚ ਮੋਬਾਈਲ ਫੋਨਅਤੇ ਟੈਬ ਦੀ ਵਰਤੋਂ ਕਰਨ ਦੇ ਮਾੜੇ ਪ੍ਰਭਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਅਫ਼ਸੋਸ ਦੀ ਗੱਲ ਇਹ ਵੀ ਹੈ ਕਿ ਛੋਟੀ ਉਮਰ ਵਿੱਚ ਮੋਬਾਈਲ ਫ਼ੋਨ ਦੀ ਜ਼ਿਆਦਾ ਵਰਤੋਂ ਕਾਰਨ ਬਾਲਗ਼ਾਂ ਵਿੱਚ ਅਜਿਹੇ ਬੱਚਿਆਂ ਵਿੱਚ ਖੁਦਕੁਸ਼ੀ ਵਰਗੇ ਘਾਤਕ ਵਿਚਾਰਾਂ ਦੀ ਆਮਦ ਦੇਖਣ ਨੂੰ ਮਿਲੀ ਹੈ। ਆਪਣੀ ਅਸਲੀਅਤ ਤੋਂ ਭਟਕਣ ਦੀ ਪ੍ਰਵਿਰਤੀ ਅਤੇ ਦੂਜਿਆਂ ਪ੍ਰਤੀ ਹਮਲਾਵਰ ਵਿਵਹਾਰ ਉਨ੍ਹਾਂ ਵਿੱਚ ਦੇਖਿਆ ਗਿਆ ਹੈ। ਇਹ ਸਰਵੇਖਣ ਅਮਰੀਕਾ ਦੀ ਇੱਕ ਗੈਰ-ਲਾਭਕਾਰੀ ਸੰਸਥਾ ਨੇ ਦੁਨੀਆ ਦੇ ਲਗਭਗ 28 ਹਜ਼ਾਰ ਬਾਲਗਾਂ 'ਤੇ ਕੀਤਾ ਹੈ। ਲਗਭਗ ਚਾਲੀ ਦੇਸ਼ਾਂ ਵਿੱਚ ਕੀਤੇ ਗਏ ਸਰਵੇਖਣ ਵਿੱਚ ਭਾਰਤ ਦੇ ਚਾਰ ਹਜ਼ਾਰ ਨੌਜਵਾਨਾਂ ਨੂੰ ਵੀ ਸ਼ਾਮਲ ਕੀਤਾ ਗਿਆ ਸੀ। ਮਾਨਸਿਕ ਸਿਹਤ ਨੂੰ ਸ਼ਾਮਲ ਕਰਨਾਪ੍ਰਭਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਸੀ। ਸਰਵੇਖਣ ਦੇ ਨਤੀਜਿਆਂ 'ਤੇ ਆਧਾਰਿਤ ਤੱਥਾਂ ਬਾਰੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਛੋਟੀ ਉਮਰ ਵਿਚ ਬੱਚਿਆਂ ਨੂੰ ਮੋਬਾਈਲ ਫ਼ੋਨ ਦੇਣ ਨਾਲ ਬਾਲਗਾਂ ਵਾਂਗ ਮਾਨਸਿਕ ਸਿਹਤ 'ਤੇ ਉਨ੍ਹਾਂ ਦੇ ਮਾੜੇ ਪ੍ਰਭਾਵ ਵਧਣ ਦੀ ਸੰਭਾਵਨਾ ਹੈ। ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਛੇ ਸਾਲ ਦੀ ਉਮਰ ਵਿੱਚ ਸਮਾਰਟਫ਼ੋਨ ਦੀ ਵਰਤੋਂ ਸ਼ੁਰੂ ਕਰਨ ਵਾਲੀਆਂ 74 ਫ਼ੀਸਦੀ ਬਾਲਗ ਔਰਤਾਂ ਨੂੰ ਗੰਭੀਰ ਮਾਨਸਿਕ ਸਿਹਤ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ, ਜਿਸ ਵਿੱਚ ਡਿਪਰੈਸ਼ਨ ਵੀ ਸ਼ਾਮਲ ਹੈ। ਇਸੇ ਸਿਲਸਿਲੇ ਵਿਚ ਦਸ ਸਾਲ ਬਾਅਦ ਸਮਾਰਟ ਫ਼ੋਨ ਵਰਤਣੇ ਸ਼ੁਰੂ ਕਰਨ ਵਾਲੇ ਬਾਲਗਾਂ ਵਿਚ ਡਾ.ਇਹ ਮਾੜੇ ਪ੍ਰਭਾਵ 61 ਪ੍ਰਤੀਸ਼ਤ ਲੜਕੀਆਂ ਅਤੇ 52 ਪ੍ਰਤੀਸ਼ਤ ਲੜਕੀਆਂ ਵਿੱਚ ਦੇਖੇ ਗਏ ਜਿਨ੍ਹਾਂ ਨੇ ਪੰਦਰਾਂ ਸਾਲ ਦੀ ਉਮਰ ਤੋਂ ਪਹਿਲਾਂ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਦੂਜੇ ਪਾਸੇ, 18 ਸਾਲ ਦੀ ਉਮਰ ਵਿੱਚ ਸਮਾਰਟਫ਼ੋਨ ਦੀ ਵਰਤੋਂ ਕਰਨ ਵਾਲੀਆਂ ਕੁੜੀਆਂ ਦੀ ਪ੍ਰਤੀਸ਼ਤਤਾ 46 ਪ੍ਰਤੀਸ਼ਤ ਸੀ। ਨੌਜਵਾਨਾਂ ਵਿੱਚ ਘੱਟ ਜਾਂ ਘੱਟ ਸਮਾਨਤਾਵਾਂ, 42 ਪ੍ਰਤੀਸ਼ਤ ਜਿਨ੍ਹਾਂ ਨੇ ਛੇ ਸਾਲ ਦੀ ਉਮਰ ਵਿੱਚ ਸਮਾਰਟਫ਼ੋਨ ਦੀ ਵਰਤੋਂ ਕਰਨੀ ਸ਼ੁਰੂ ਕੀਤੀ ਉਨ੍ਹਾਂ ਨੇ ਮਾਨਸਿਕ ਮਾੜੇ ਪ੍ਰਭਾਵਾਂ ਦਾ ਅਨੁਭਵ ਕੀਤਾ। ਇਸ ਦੇ ਨਾਲ ਹੀ 18 ਸਾਲ ਦੀ ਉਮਰ ਤੋਂ ਸਮਾਰਟਫ਼ੋਨ ਦੀ ਵਰਤੋਂ ਸ਼ੁਰੂ ਕਰਨ ਵਾਲਿਆਂ ਦੀ ਗਿਣਤੀ 36 ਫ਼ੀਸਦੀ ਸੀ। ਇਸ ਤਰ੍ਹਾਂ ਛੋਟੀ ਉਮਰ ਵਿੱਚ ਮੋਬਾਈਲ ਦੀ ਵਰਤੋਂ ਦਾ ਸਿੱਧਾ ਸਬੰਧ ਮਾਨਸਿਕ ਸਿਹਤ ਨਾਲ ਹੁੰਦਾ ਹੈ।ਏ ਨੂੰ ਵਧਦੀ ਸਮੱਸਿਆ ਪਾਈ ਗਈ। ਯਾਨੀ ਕਿ ਛੋਟੀ ਉਮਰ ਵਿੱਚ ਫੋਨ ਦੀ ਵਰਤੋਂ ਨੇ ਮਾਨਸਿਕ ਸਮੱਸਿਆਵਾਂ ਵਿੱਚ ਵਾਧਾ ਕੀਤਾ ਹੈ। ਅਜਿਹੇ ਲੋਕਾਂ ਵਿੱਚ ਆਤਮਘਾਤੀ ਵਿਚਾਰ, ਦੂਸਰਿਆਂ ਪ੍ਰਤੀ ਹਮਲਾਵਰਤਾ, ਜੀਵਨ ਦੀ ਅਸਲੀਅਤ ਤੋਂ ਨਿਰ-ਲੇਪਤਾ ਅਤੇ ਸਮਾਜ ਤੋਂ ਵੱਖਰਾ ਸਵੈ-ਕੇਂਦਰਿਤਪਣ ਦੇਖਿਆ ਗਿਆ ਹੈ। ਅਤੇ ਪਿਛਲੇ ਸਾਲ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ, ਭਾਰਤੀ ਘਰਾਂ ਵਿੱਚ ਦਸ ਤੋਂ ਚੌਦਾਂ ਸਾਲ ਦੇ ਬੱਚਿਆਂ ਵਿੱਚ ਸਮਾਰਟਫ਼ੋਨ ਦੀ ਵਰਤੋਂ ਦੀ ਪ੍ਰਤੀਸ਼ਤਤਾ 83 ਪ੍ਰਤੀਸ਼ਤ ਸੀ, ਜੋ ਕਿ ਵਰਤੋਂ ਦੇ ਵਿਸ਼ਵ ਔਸਤ ਨਾਲੋਂ ਸੱਤ ਪ੍ਰਤੀਸ਼ਤ ਅੰਕ ਵੱਧ ਸੀ। ਨਾਲ ਨਾਲ ਇਹ ਅਧਿਐਨਇਹ ਦੱਸਿਆ ਜਾਣਾ ਅਜੇ ਬਾਕੀ ਹੈ ਕਿ ਫੋਨ ਦੀ ਜਲਦੀ ਵਰਤੋਂ ਛੋਟੇ ਬੱਚਿਆਂ ਵਿੱਚ ਮਾਨਸਿਕ ਸਮੱਸਿਆਵਾਂ ਅਤੇ ਵਿਵਹਾਰਿਕ ਹਮਲਾਵਰਤਾ ਦਾ ਕਾਰਨ ਕਿਉਂ ਬਣ ਰਹੀ ਹੈ ਅਤੇ ਇਸ ਦੇ ਸੰਭਵ ਹੱਲ ਕੀ ਹਨ। ਅੰਕੜੇ ਦੱਸ ਰਹੇ ਹਨ ਕਿ ਬੱਚੇ ਰੋਜ਼ਾਨਾ ਪੰਜ ਤੋਂ ਅੱਠ ਘੰਟੇ ਆਨਲਾਈਨ ਰਹਿੰਦੇ ਹਨ। ਬਿਨਾਂ ਸ਼ੱਕ ਬੱਚਿਆਂ ਨੇ ਇਸ ਸਮੇਂ ਨੂੰ ਪਰਿਵਾਰ ਅਤੇ ਦੋਸਤਾਂ ਨਾਲ ਬਿਤਾਉਣ ਲਈ ਵਰਤਿਆ ਸੀ। ਸਪੱਸ਼ਟ ਹੈ ਕਿ ਬੱਚਿਆਂ ਵਿੱਚ ਸਮਾਜੀਕਰਨ ਦੀ ਪ੍ਰਕਿਰਿਆ ਵਿੱਚ ਵਿਘਨ ਪਿਆ ਹੈ। ਜਿਸ ਕਾਰਨ ਉਨ੍ਹਾਂ ਦੀ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਸਮਰੱਥਾ ਵਿੱਚ ਗਿਰਾਵਟ ਆ ਰਹੀ ਹੈ ਅਤੇ ਉਹਉਹ ਛੋਟੀਆਂ-ਛੋਟੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਸ਼ੁਰੂ ਕਰ ਦਿੰਦੇ ਹਨ। ਜਿਸ ਕਾਰਨ ਉਨ੍ਹਾਂ ਦੇ ਵਿਵਹਾਰ ਵਿੱਚ ਗੁੱਸਾ ਆਉਂਦਾ ਹੈ ਅਤੇ ਉਨ੍ਹਾਂ ਦੀ ਮਾਨਸਿਕ ਸਿਹਤ ਵਿਗੜ ਜਾਂਦੀ ਹੈ। ਇਸ ਕਾਰਨ ਉਨ੍ਹਾਂ 'ਤੇ ਖੁਦਕੁਸ਼ੀ ਵਰਗੇ ਵਿਚਾਰ ਆਉਣ ਲੱਗਦੇ ਹਨ। ਬਿਨਾਂ ਸ਼ੱਕ, ਇਹ ਇੱਕ ਗੰਭੀਰ ਚੁਣੌਤੀ ਹੈ। ਸਰਕਾਰ ਅਤੇ ਸਮਾਜ ਨੂੰ ਇਸ ਦਿਸ਼ਾ ਵਿੱਚ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਬੱਚਿਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰਨ ਦੀ ਲੋੜ ਹੈ। ਯੋਗਾ ਅਤੇ ਧਿਆਨ ਇਸ ਸਮੱਸਿਆ ਵਿੱਚ ਦਵਾਈ ਦਾ ਕੰਮ ਕਰ ਸਕਦੇ ਹਨ। ਜਿਸ ਨਾਲ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਉਣ 'ਚ ਮਦਦ ਮਿਲੇਗੀ।

McASPHALT Ltd.

NOW HIRING
AZ TANKER DRIVERS
BASED OUT OF BRAMPTON | OSHAWA | HAMILTON

REQUIREMENTS & BENEFITS
ABLE TO START RIGHT AWAY
COMPETITIVE COMPENSATION PACKAGE
*inclusive of competitive hourly rate, daily per diems, full benefit package and competitive pension plan*

CALL 416.281.8181 EXT. 259
or SUBMIT RESUME at
vidhu.rajkumar@mcasphalt.com

# ਵਿਸ਼ਵ ਦੇ ਮਹਾਨ ਖਿਡਾਰੀ: ਲਗਾਤਾਰ ਚਾਰ ਓਲੰਪਿਕ ਖੇਡਾਂ ਦਾ ਜੇਤੂ ਅਲ ਓਰਟਰ

-ਪ੍ਰਿੰ. ਸਰਵਣ ਸਿੰਘ-

ਅਮਰੀਕਾ ਦਾ ਅਥਲੀਟ ਅਲਫਰੈੱਡ ਓਰਟਰਡਿਸਕਸ ਥਰੋਅ ਦਾ ਲਾਸਾਨੀ ਸੁਟਾਵਾ ਸੀ। ਅਜਿਹੇ ਅਫ਼ਲਾਤੂਨ ਨਿੱਤ-ਨਿੱਤ ਨਹੀਂ ਜੰਮਦੇ। ਉਸ ਨੇ ਮੈਲਬੋਰਨ-56, ਰੋਮ-60, ਟੋਕੀਓ-64 ਤੇ ਮੈਕਸੀਕੋ-68 ਦੀਆਂ ਓਲੰਪਿਕ ਖੇਡਾਂ ਵਿੱਚੋਂ ਡਿਸਕਸ ਥਰੋਅ ਦੇ ਲਗਾਤਾਰ ਚਾਰ ਗੋਲਡ ਮੈਡਲ ਜਿੱਤੇ। ਓਲੰਪਿਕ ਖੇਡਾਂ ਦੇ ਇਤਿਹਾਸ ਵਿੱਚ ਅਜਿਹਾ ਪਹਿਲੀ ਵਾਰ ਹੋਇਆ। ਇਹ ਮਨੁੱਖੀ ਜੁੱਸੇ ਦਾ ਕਮਾਲ ਸੀ ਜਿਸ ’ਤੇ ਮੈਡੀਕਲ ਖੋਜ ਕੀਤੀ ਜਾਣੀ ਬਣਦੀ ਹੈ।ਬੇਸ਼ਕ ਹਰੇਕਓਲੰਪਿਕਸ ਵਿਚਉਸ ਨਾਲੋਂ ਬਿਹਤਰ ਡਿਸਕਸ ਸੁਟਾਵੇ ਹੁੰਦੇ ਅਤੇ ਲੋਕ ਸਮਝਦੇ ਕਿ ਐਤਕੀਂ ਅਲ ਓਰਟਰ ਗੋਲਡ ਮੈਡਲ ਨਹੀਂ ਜਿੱਤ ਸਕੇਗਾ ਪਰ ਉਹ ਹਰ ਵਾਰਓਲੰਪਿਕ ਚੈਂਪੀਅਨ ਬਣਦਾ ਤੇ ਬਣਦਾ ਵੀ ਨਵੇਂ ਓਲੰਪਿਕ ਰਿਕਾਰਡ ਨਾਲ! ਉਹ ਪਹਿਲਾ ਡਿਸਕਸ ਸੁਟਾਵਾ ਸੀ ਜਿਸ ਨੇ ਪਹਿਲੀ ਵਾਰ 200 ਫੁੱਟ ਤੋਂ ਦੂਰ ਡਿਸਕਸ ਸੁੱਟੀ। ਆਪਣੇ ਹਾਣੀਆਂ ਵਿਰੁੱਧਮੁਕਾਬਲੇ ਜਿੱਤਦਾਉਹ ਅਗਲੀ ਪੀੜ੍ਹੀ ਦੇ ਡਿਸਕਸ ਸੁਟਾਵਿਆਂ ਵਿਰੁੱਧ ਵੀ ਮੁਕਾਬਲੇ ਜਿੱਤਦਾ ਰਿਹਾ। 15 ਸਾਲ ਦੀ ਉਮਰ ਤੋਂ ਲੈ ਕੇ ਉਹ 43 ਸਾਲ ਦੀ ਉਮਰ ਤਕ ਨਵੇਂ ਤੋਂ ਨਵੇਂ ਰਿਕਾਰਡ ਰੱਖਦਾ ਗਿਆ। ਚਾਰ ਓਲੰਪਿਕ ਰਿਕਾਰਡਾਂ ਤੋਂ ਬਿਨਾਂ 4 ਵਾਰ ਨਵੇਂ ਵਿਸ਼ਵ ਰਿਕਾਰਡ ਵੀ ਰੱਖੇ।

ਉਸ ਨੇ 44ਵੇਂ ਸਾਲ ਦੀ ਉਮਰੇ 1980 ਵਿਚ ਆਫੀਸ਼ਲ ਤੌਰ ’ਤੇ 227 ਫੁੱਟ 9 ਇੰਚ (69.46 ਮੀਟਰ) ਦੂਰ ਡਿਸਕਸ ਸੁੱਟੀ। ਪਰ 1983 ਵਿਚ ਇਕ ਇੰਟਰਵਿਊ ਦੌਰਾਨ ਜਦੋਂਉਹਦੀ ਵੀਡੀਓ ਬਣਾਈ ਜਾ ਰਹੀ ਸੀ ਤਾਂ ਉਹਦੀ ਇਕ ਥਰੋਅ 75 ਮੀਟਰ ਯਾਨੀ 245 ਫੁੱਟ ਦੂਰ ਜਾ ਡਿੱਗੀ ਜੋ ਅਨਆਫੀਸ਼ਲ ਤੌਰ ’ਤੇ ਹਾਲੇ ਤਕ ਵੀ ਵਿਸ਼ਵ ਰਿਕਾਰਡ ਹੈ। ਉਸ ਨੂੰ ਪਛਤਾਵਾ ਹੋਇਆ, ਕਾਸ਼ ਉਹ ਥਰੋਅ ਕਿਸੇ ਮਾਨਤਾ ਪ੍ਰਾਪਤ ਮੁਕਾਬਲੇ ਵਿਚ ਸੁੱਟੀ ਹੁੰਦੀ!

ਇਹ ਸਤਰਾਂ ਲਿਖਦਿਆਂ ਮੈਨੂੰ ਯਾਦ ਆ ਗਈ1960ਵਿਆਂ ’ਚ ਦਿੱਲੀ ਦੇ ਰੇਲਵੇ ਸਟੇਡੀਅਮ ਵਿਚ ਹੋਏ ਗੋਲਾ ਸੁੱਟਣ ਦੇਮੁਕਾਬਲੇ ਦੀ, ਜਿਸ ਵਿਚ ਮੈਂ ਵੀ ਭਾਗ ਲਿਆ ਸੀ। ਉਥੇ ਏਸ਼ੀਆ ਦਾ ਮੈਡਲਿਸਟ ਦੀਨ ਸ਼ਾਹ ਇਰਾਨੀ ਸੌਖਿਆਂ ਹੀ ਚੈਂਪੀਅਨ ਬਣ ਗਿਆਸੀ ਪਰ ਉਹਦੀ ਥਰੋਅ ਨੈਸ਼ਨਲ ਰਿਕਾਰਡ ਤੋਂ ਮਾਮੂਲੀ ਪਿੱਛੇ ਰਹੀ। ਕੁਝ ਮਿੰਟਾਂ ਬਾਅਦ ਕਿਸੇ ਕੈਮਰਾਮੈਨ ਨੇ ਉਹਦੀ ਗੋਲਾ ਸੁੱਟਦੇ ਦੀ ਐਕਸ਼ਨ ਫੋਟੋ ਲੈਣੀ ਚਾਹੀ ਤਾਂ ਇਰਾਨੀ ਨੇ ਅਜਿਹੀ ਥਰੋਅ ਕੀਤੀ ਕਿ ਉਹਦੀ ਜੇਤੂ ਥਰੋਅ ਤੋਂ ਵੀ ਦੂਰ ਜਾ ਡਿੱਗੀ। ਜਦ ਮਿਣੀ ਤਾਂ ਉਹ ਏਸ਼ੀਆ ਦਾ ਨਵਾਂ ਰਿਕਾਰਡ ਸੀ! ਪਰ ਉਹ ਔਫੀਸ਼ਲ ਨਹੀਂ ਸੀ ਜੋ ਰਿਕਾਰਡ ਮੰਨੀ ਜਾ ਸਕਦੀ। ਅਜਿਹੀਆਂ ਅਨੇਕਾਂ ਮਿਸਾਲਾਂ ਮਿਲਦੀਆਂਹਨ ਕਿ ਕਈ ਖਿਡਾਰੀ ਪ੍ਰੈਕਟਿਸ ਕਰਦਿਆਂ ਬਿਹਤਰ ਕਾਰਗੁਜ਼ਾਰੀ ਵਿਖਾ ਜਾਂਦੇ ਹਨ ਜਦ ਕਿ ਅਸਲੀ ਮੁਕਾਬਲੇ ਵਿਚ ਨਹੀਂ ਵਿਖਾ ਸਕਦੇ। ਓਰਟਰ ਦੀਵਿਸ਼ੇਸ਼ ਸਿਫ਼ਤਸੀ ਕਿ ਉਹ ਪ੍ਰੈਕਟਿਸ ਨਾਲੋਂਓਲੰਪਿਕ ਖੇਡਾਂ ’ਚ ਹਮੇਸ਼ਾਂ ਬਿਹਤਰ ਕਾਰਗੁਜ਼ਾਰੀ ਵਿਖਾ ਦਿੰਦਾ ਸੀ ਜਿਸ ਨਾਲ ਸਭ ਨੂੰ ਹੈਰਾਨੀ ਹੁੰਦੀ ਸੀ!

ਉਹਦੀ ਹੋਰ ਵੀ ਹੈਰਾਨੀ ਵਾਲੀ ਗੱਲ ਸੀ ਕਿਉਹ ਓਲੰਪਿਕ ਖੇਡਾਂ ਦੇ ਲਗਾਤਾਰ 7 ਗੋਲਡ ਮੈਡਲ ਜਿੱਤਣ ਦੀ ਸੰਭਾਵਨਾ ਰੱਖਦਾ ਸੀ ਜੇਕਰ ਮਿਊਨਿਖ-72, ਮੌਂਟਰੀਅਲ-76 ਤੇ ਮਾਸਕੋ-80 ਦੀਆਂ ਓਲੰਪਿਕ ਖੇਡਾਂ ਵਿਚ ਭਾਗ ਲੈ ਲੈਂਦਾ! ਜਿਹੜਾ ਸੁਟਾਵਾ44ਵੇਂ ਸਾਲ ਦੀ ਉਮਰ ਵਿਚ 69.46 ਮੀਟਰ (227 ਫੁੱਟ 9 ਇੰਚ)ਅਤੇ ਅਨਔਫੀਸ਼ਲ ਤੌਰ ’ਤੇ 47ਵੇਂ ਸਾਲ ਦੀ ਉਮਰ ਵਿਚ 74.68 ਮੀਟਰ (245 ਫੁੱਟ) ਡਿਸਕਸ ਸੁੱਟ ਦੇਵੇ ਉਸ ਲਈ 7 ਗੋਲਡ ਮੈਡਲ ਜਿੱਤਣੇ ਦੂਰ ਦੀ ਕੌਡੀ ਨਹੀਂ ਸੀ। ਕਈ ਇਹ ਜਾਨਣ ਲਈ ਉਤਾਵਲੇ ਹੋਣਗੇ, ਫਿਰ ਉਸ ਨੇ 7 ਗੋਲਡ ਮੈਡਲ ਜਿੱਤੇ ਕਿਉਂ ਨਾ?

ਆਓ ਪਹਿਲਾਂ ਉਹਦੇ ਮੁੱਢਲੇ ਜੀਵਨ ’ਤੇ ਝਾਤ ਮਾਰੀਏ। ਉਹਦਾ ਪੂਰਾ ਨਾਂ ਅਲਫਰੈੱਡ ਓਰਟਰ ਜੂਨੀਅਰ ਸੀ। ਉਹ 19 ਸਤੰਬਰ 1936 ਨੂੰ ਅਸਟੋਰੀਆ, ਕੁਈਨਜ਼, ਨਿਊ ਯਾਰਕ ਵਿਚ ਜੰਮਿਆ ਸੀ। ਉਹਦਾ ਬਚਪਨ ਨਿਊ ਹਾਈਡ ਪਾਰਕ ਵਿਚ ਖੇਡਦਿਆਂ ਮੱਲ੍ਹਦਿਆਂ ਬੀਤਿਆ। ਫਿਰ ਉਹ ਸੈਵਨਹਾਕਾ ਹਾਈ ਸਕੂਲ ਫਲੋਰਲ ਪਾਰਕ ਵਿਚ ਪੜ੍ਹਨ ਲੱਗ ਪਿਆ। ਜਦੋਂ ਪੰਦਰਾਂ ਸਾਲਾਂ ਦਾ ਹੋਇਆ ਤਾਂ ਇਕ ਦਿਨ ਪਾਰਕ ਵਿਚ ਕਿਸੇ ਡਿਸਕਸ ਸੁਟਾਵੇ ਦੀ ਸੁੱਟੀ ਡਿਸਕਸ ਉਹਦੇ ਪੈਰਾਂ ਕੋਲ ਆ ਡਿੱਗੀ। ਉਸ ਨੇ ਉਹੀ ਚੁੱਕ ਕੇ ਵਾਪਸ ਸੁੱਟੀ ਤਾਂ ਸੁੱਟਣ ਵਾਲੇ ਸੁਟਾਵੇ ਤੋਂ ਵੀ ਦੂਰ ਜਾ ਡਿੱਗੀ। ਉਸ ਤੋਂ ਪਹਿਲਾਂ ਉਸ ਨੇ ਕਦੇ ਡਿਸਕਸ ਨਹੀਂ ਸੀ ਸੁੱਟੀ। ਪਹਿਲਾਂ ਉਹ ਦੌੜਾਂ ਵਿਚ ਭਾਗ ਲੈਣ ਲੱਗਾ ਸੀ। ਫਿਰ ਕਦੇ ਫੁੱਟਬਾਲ ਖੇਡਣ ਤੇ ਕਦੇ ਵੇਟ ਲਿਫਟਿੰਗ ਕਰਨ ਲੱਗ ਪੈਂਦਾ ਸੀ। ਜਦ ਪਹਿਲੀ ਵਾਰ ਹੀ ਉਹਦੀ ਡਿਸਕਸ ਕਾਫੀ ਦੂਰ ਜਾ ਡਿੱਗੀ ਤਾਂ ਇਕ ਕੋਚ ਨੇ ਉਸ ਨੂੰ ਡਿਸਕਸ ਸੁੱਟਣ ਲਈ ਪ੍ਰੇਰ ਲਿਆ।ਉਸ ਨੂੰ ਟਰੈਕ ਐਂਡ ਫੀਲਡ ਦਾ ਵਜ਼ੀਫ਼ਾ ਦੁਆ ਦਿੱਤਾ ਤੇ ਉਹ 1954 ’ਚਯੂਨੀਵਰਸਿਟੀ ਆਫ਼ ਕੰਸਾਸ ਵਿਚ ਦਾਖਲ ਹੋ ਗਿਆ। ਯੂਨੀਵਰਸਿਟੀ ਦੇ ਵਿਦਿਆਰਥੀ ਵਜੋਂ ਉਹ ਅਗਲੇ ਚਾਰ ਸਾਲ ਨੈਸ਼ਨਲ ਚੈਂਪੀਅਨਸ਼ਿਪਾਂ ਜਿੱਤਦਾ ਰਿਹਾ। ਤਦ ਤਕ ਉਹਦਾ ਕੱਦ 6 ਫੁੱਟ 4 ਇੰਚ ਹੋ ਗਿਆ ਸੀ ਤੇ ਜੁੱਸੇ ਦਾ ਵਜ਼ਨ ਵੀ ਕੁਇੰਟਲ ਤੋਂ ਵਧ ਗਿਆ। ਉਹ ਅਜੇ ਵਿਦਿਆਰਥੀ ਹੀ ਸੀ ਕਿ ਮੈਲਬੋਰਨ-56 ਦੀਆਂ ਓਲੰਪਿਕ ਖੇਡਾਂ ਆ ਗਈਆਂ। ਯੂਨੀਵਰਸਿਟੀ ਨੇ ਉਹਦਾ ਨਾਂ ਟਰਾਇਲਾਂ ਲਈ ਭੇਜ ਦਿੱਤਾ। 20ਵੇਂ ਸਾਲ ਦੇ ਨਵੇਂ ਥਰੋਅਰ ਲਈ ਟਰਾਇਲਾਂ ਵਿਚ ਚੁਣੇ ਜਾਣ ਦੀ ਬਹੁਤੀ ਉਮੀਦ ਤਾਂ ਨਹੀਂ ਸੀ ਪਰ ਉਹ ਫਿਰ ਵੀ ਉਪਰਲੇ ਤਿੰਨ ਥਰੋਅਰਾਂ ਵਿਚ ਆ ਗਿਆ ਅਤੇ ਅਮਰੀਕਾ ਦੀ ਓਲੰਪਿਕ ਟੀਮ ਵਿਚ ਚੁਣਿਆ ਗਿਆ।

ਮੈਲਬੋਰਨ ਵਿਚ ਦਰਸ਼ਕਾਂ ਤੇ ਮੀਡੀਏ ਦਾ ਧਿਆਨ ਵਿਸ਼ਵ ਰਿਕਾਰਡ ਰੱਖਣ ਵਾਲੇ ਡਿਸਕਸ ਸੁਟਾਵੇ ਫਾਰਚੂਨ ਗੋਰਡੀਅਨ ਵੱਲ ਸੀ ਕਿ ਗੋਲਡ ਮੈਡਲ ਉਹੀ ਜਿੱਤੇਗਾ। ਪਰ ਹੋਇਆ ਉਲਟ



ਪੁਲਟ। ਕਾਲਜੀਏਟ ਓਰਟਰ ਨੇ 184 ਫੁੱਟ 10 ਇੰਚ (56.64 ਮੀਟਰ) ਦੂਰ ਡਿਸਕਸ ਸੁੱਟ ਕੇ ਗੋਲਡ ਮੈਡਲ ਜਿੱਤ ਲਿਆ ਅਤੇ ਓਲੰਪਿਕ ਤੇ ਵਿਸ਼ਵ ਰਿਕਾਰਡ ਵੀ ਤੋੜ ਦਿੱਤੇ। ਇੰਜ ਹੀ ਰੋਮ-1960 ਦੀਆਂ ਓਲੰਪਿਕ ਖੇਡਾਂ ਵਿਚ ਹੋਇਆ। ਉਥੇ ਉਹ ਤੱਤਕਾਲੀ ਵਿਸ਼ਵ ਚੈਂਪੀਅਨ ਰਿਚਰਡ ਬਬਕਾਨੂੰ ਪਛਾੜਦਿਆਂ 194 ਫੁੱਟ 2 ਇੰਚ (59.18 ਮੀਟਰ) ਦੂਰ ਡਿਸਕਸ ਸੁੱਟ ਕੇ ਨਵੇਂ ਓਲੰਪਿਕ ਰਿਕਾਰਡ ਨਾਲ ਲਗਾਤਾਰ ਦੂਜਾ ਗੋਲਡ ਮੈਡਲ ਜਿੱਤ ਗਿਆ ਜਦ ਕਿ 1957 ’ਚ ਉਹਦਾ ਆਟੋ ਐਕਸੀਡੈਂਟ ਹੋ ਗਿਆ ਸੀ। ਰੋਮ ਦੀਆਂ ਓਲੰਪਿਕ ਖੇਡਾਂ ਤੋਂ ਕੁਝ ਮਹੀਨੇ ਪਹਿਲਾਂ ਹੀ ਉਹ ਮਸੀਂ ਠੀਕ ਠਾਕ ਹੋਇਆ ਸੀ।

1964 ਵਿਚ ਟੋਕੀਓ ਦੀਆਂ ਓਲੰਪਿਕ ਖੇਡਾਂ ਤੋਂ ਕੁਝ ਦਿਨ ਪਹਿਲਾਂ ਉਹਗਿੱਲੀ ਥਾਵੇਂਤਿਲ੍ਹਕ ਕੇ ਡਿੱਗ ਪਿਆ ਜਿਸ ਨਾਲਪੱਸਲੀਆਂ ਫਿੱਸ ਗਈਆਂ ਤੇ ਧੌਣ ਠੁਕ ਗਈ ਸੀ। ਪਰ ਉਹ ਡਾਕਟਰ ਦੇ ਮਨ੍ਹਾਂ ਕਰਨ ਦੇਬਾਵਜੂਦ ਪੱਸਲੀਆਂ ਉਤੇ ਪੱਟਾ ਅਤੇ ਧੌਣ ’ਤੇਗੁਲੂਬੰਦ ਬੰਨ੍ਹ ਕੇ ਡਿਸਕਸ ਦੇ ਦਾਇਰੇ ’ਚ ਨਿਤਰਿਆ। ਓਲੰਪਿਕ ਮੁਕਾਬਲੇ ਨੂੰ ਉਹ ਜ਼ਿੰਦਗੀ-ਮੌਤ ਦਾ ਸਵਾਲ ਸਮਝਦਾ ਸੀ। ਉਸ ਨੇ ਪੀੜ ਨਾਲਕਸੀਸ ਵੱਟ ਕੇ ਡਿਸਕਸ ਸੁੱਟੀ ਜੋ ਸਭ ਤੋਂ ਮੂਹਰੇ ਜਾ ਡਿੱਗੀ। ਮੁਕਾਬਲਾ ਹੋਰ ਅੱਗੇ ਵਧਦਾ ਗਿਆ। ਪੰਜਵੀਂ ਸੁੱਟ ਸਮੇਂ ਉਸ ਨੇ ਗਰਦਨ ਦਾ ਗੁਲੂਬੰਦ ਲਾਹ ਕੇ ਪਰ੍ਹੇ ਮਾਰਿਆ ਤੇ ਪੂਰੇ ਜ਼ੋਰ ਨਾਲ ਡਿਸਕਸ ਸੁੱਟੀ ਜੋ 206 ਫੁੱਟ 6 ਇੰਚ (62.94 ਮੀਟਰ) ਦੂਰ ਗਈ। ਇੰਜ ਉਹ ਲਗਾਤਾਰ ਤੀਜਾ ਓਲੰਪਿਕ ਗੋਲਡ ਮੈਡਲ ਵੀ ਨਵੇਂ ਓਲੰਪਿਕ ਰਿਕਾਰਡ ਨਾਲ ਜਿੱਤਿਆ।

ਮੈਕਸੀਕੋ-68 ਦੀਆਂ ਖੇਡਾਂ ਵਿਚ ਵੀ ਪਹਿਲਾਂ ਉਹਦੀ ਜਿੱਤ ਯਕੀਨੀ ਨਹੀਂ ਸੀ। ਉਦੋਂ ਉਹ 32ਵੇਂ ਸਾਲ ’ਚ ਸੀ ਤੇ ਉਹਦਾ ਭਾਰ 295 ਪੌਂਡ ਸੀ। ਉਹਨੀਂ ਦਿਨੀਂ ਅਮਰੀਕਾ ਦੇ ਹੀ ਜੇਅ ਸਿਲਵੈਸਟਰ ਨੇ 225 ਫੁੱਟ 4 ਇੰਚ ਦੂਰ ਡਿਸਕਸ ਸੁੱਟਣ ਦਾ ਵਿਸ਼ਵ ਰਿਕਾਰਡ ਰੱਖਿਆ ਹੋਇਆ ਸੀ। ਸਭ ਇਹੋ ਸਮਝਦੇ ਸਨ ਕਿ ਜੇਅ ਹੀ ਗੋਲਡ ਮੈਡਲ ਜਿੱਤੇਗਾ। ਪਰ ਓਰਟਰ ਕਿਸਮਤ ਦਾ ਬਲੀ ਨਿਕਲਿਆ। ਉਸ ਨੇ ਪਹਿਲੀ ਹੀ ਸੁੱਟ 212 ਫੁੱਟ ਸਾਢੇ 6 ਇੰਚ ਦੂਰ ਸੁੱਟੀ ਜੋ ਨਵਾਂ ਓਲੰਪਿਕ ਰਿਕਾਰਡ ਸੀ। ਉਸ ਦਾ ਅਜਿਹਾ ਮਨੋਵਿਗਿਆਨਕ ਅਸਰ ਪਿਆ ਕਿ ਕੋਈ ਹੋਰ ਸੁਟਾਵਾ ਉਤੋਂ ਅੱਗੇ ਨਾ ਨਿਕਲ ਸਕਿਆ। ਇੰਜ ਉਹ ਲਗਾਤਾਰ ਚੌਥੀ ਵਾਰ ਨਵੇਂ ਓਲੰਪਿਕ ਰਿਕਾਰਡ ਨਾਲ ਓਲੰਪਿਕ ਖੇਡਾਂ ਦਾ ਚੌਥਾ ਗੋਲਡ ਮੈਡਲ ਜਿੱਤਿਆ।

ਜਦੋਂ ਉਸ ਨੂੰ ਸਵਾਲ ਪੁੱਛਿਆ ਗਿਆ ਕਿ ਉਹ ਓਲੰਪਿਕ ਮੁਕਾਬਲੇ ਵੇਲੇ ਪ੍ਰੈਕਟਿਸ ਨਾਲੋਂ ਵਧੇਰੇ ਦੂਰ ਡਿਸਕਸ ਕਿਵੇਂ ਸੁੱਟਦਾ ਹੈ ਤਾਂ ਉਸ ਦਾ ਜਵਾਬ ਸੀ ਕਿ ਉਹ ਕਿਸੇ ਪ੍ਰਕਾਰ ਦੇ ਤਣਾਅ ਵਿਚ ਨਹੀਂ ਹੁੰਦਾ।ਰੀਲੈਕਸ ਰਹਿ ਕੇ ਡਿਸਕਸ ਸੁੱਟਦਾ ਹੈ। ਬਹੁਤੀ ਵਾਰ ਉਹਦੀ ਪਹਿਲੀ ਸੁੱਟ ਹੀ ਉਸ ਨੂੰ ਗੋਲਡ ਮੈਡਲ ਜਿਤਾਉਂਦੀ ਰਹੀ ਹੈ। ਉਹ ਲੰਮੇ ਸਮੇਂ ਤਕਆਪਣੀ ਚੰਗੇਰੀ ਕਾਰਗੁਜ਼ਾਰੀ ਪਿੱਛੇ ਯਹੂਦੀ ਅੰਸ਼ ਵੰਸ਼ ਅਤੇ ਮੌਕੇ ਮੁਤਾਬਿਕ ਸਾਵੀਂਮਾਨਸਿਕ ਮਨੋਬਿਰਤੀ ਦਾ ਵੀਯੋਗਦਾਨ ਸਮਝਦਾ ਸੀ।

ਲਓ ਹੁਣ ਇਹ ਵੀ ਜਾਣ ਲਓ ਕਿ ਉਹ 4 ਸੋਨ ਤਗ਼ਮਿਆਂ ਦੀ ਥਾਂ 7 ਸੋਨ ਤਗ਼ਮੇ ਕਿਉਂ ਨਹੀਂ ਜਿੱਤ ਸਕਿਆ? ਉਹ ਦੋ ਧੀਆਂ ਦਾ ਬਾਪ ਸੀ। ਪਰ ਆਪਣੇ ਖੇਡ ਰੁਝੇਵਿਆਂ ਵਿਚ ਉਹ ਏਨਾ ਰੁਝਿਆ ਰਿਹਾ ਸੀ ਕਿ ਪਰਿਵਾਰ ਵੱਲ ਧਿਆਨ ਦੇਣ ਦਾ ਉਹਦੇ ਕੋਲ ਵਕਤ ਹੀ ਨਹੀਂ ਸੀ। ਜਦ ਉਹ ਮੈਕਸੀਕੋ ਤੋਂ ਓਲੰਪਿਕ ਖੇਡਾਂ ਦਾ ਚੌਥਾ ਗੋਲਡ ਮੈਡਲ ਜਿੱਤ ਕੇ ਲੌਂਗ ਆਈਲੈਂਡ, ਨਿਊ ਯਾਰਕ ਵਾਲੇ ਘਰ ਪਰਤਿਆ ਤਾਂ ਉਹਦੀ ਸੱਤ ਸਾਲ ਦੀ ਛੋਟੀ ਬੇਟੀ ਗੈਬਰੀਲੇ ਤੇ ਨੌਂ ਸਾਲ ਦੀ ਵੱਡੀ ਬੇਟੀ ਕ੍ਰਿਸਟੀਆਨਾ ਆਪਣੇ ਪਾਪਾ ਦੀ ਉਡੀਕ ਕਰ ਰਹੀਆਂ ਸਨ। ਚਿਰੀਂ ਪਰਤੇਪਾਪਾ ਨੂੰ ਮਿਲ ਕੇ ਪਹਿਲਾਂ ਉਹ ਖ਼ੁਸ਼ ਹੋਈਆਂ ਤੇ ਫਿਰ ਉਦਾਸ ਹੋ ਗਈਆਂ ਕਿ ਉਸ ਨੇ ਮੁੜ ਕੋਚਿੰਗ ਕੈਂਪਾਂ ’ਚ ਚਲੇ ਜਾਣਾ ਹੈ। ਮਾਂ ਦੀਆਂ ਸਿਖਾਈਆਂ ਉਨ੍ਹਾਂ ਭੋਲੀਆਂ ਬੱਚੀਆਂ ਨੇ ਬਾਪ ਨੂੰ ਮਿਹਣਾ ਮਾਰਿਆ, ਜੇ ਤੁਸੀਂ ਸਾਨੂੰ ਪਾਲਣਾ ਸਾਂਭਣਾ ਨਹੀਂ ਸੀ ਤਾਂ ਜੰਮਿਆ ਹੀ ਕਿਉਂ ਸੀ? ਪਤਨੀ ਖ਼ੁਦ ਪਾਸਾ ਵੱਟ ਗਈ ਸੀ। ਅਲ ਔਰਟਰ ਨੂੰ ਡਾਢਾ ਪਛਤਾਵਾ ਹੋਇਆ ਤੇ ਉਸ ਨੇ ਆਪਣੀਆਂ ਸਾਰੀਆਂ ਡਿਸਕਸਾਂ ਕਲੌਜ਼ਿਟ ਵਿਚ ਸੁੱਟ ਕੇ ਜਿੰਦਰਾ ਮਾਰ ਦਿੱਤਾ ਤੇ ਪਰਿਵਾਰ ਜੋਗਾ ਹੀ ਰਹਿ ਗਿਆ। ਉਹ ਨਿਊ ਯਾਰਕ ਦੀ ਇਕ ਕੰਪਿਊਟਰ ਫਰਮ ਦਾ ਕਮਿਊਨੀਕੇਸ਼ਨਜ਼ ਮੈਨੇਜਰ ਲੱਗ ਗਿਆ ਤੇ ਡਿਸਕਸ ਸੁੱਟਣ ਦੀ ਪ੍ਰੈਕਟਿਸ ਕਰਨੀ ਅਸਲੋਂ ਭੁੱਲ ਗਿਆ। ਉਸ ਨੇ ਨਾ ਮਿਊਨਿਖ਼-72 ਦੀਆਂ ਓਲੰਪਿਕ ਖੇਡਾਂ ਵਿਚ ਭਾਗ ਲਿਆ ਤੇ ਨਾ ਮੌਂਟਰੀਅਲ-76 ਦੀਆਂ ਖੇਡਾਂ ਵਿਚ। ਸਰਗਰਮ ਸੁਟਾਵਾ ਬਣਿਆ ਰਹਿੰਦਾ ਤਾਂ ਕੋਈ ਕਾਰਨ ਨਹੀਂ ਸੀ ਕਿ ਮੈਡਲ ਨਾ ਜਿੱਤ ਸਕਦਾ।

ਜਦ ਧੀਆਂ ਵੱਡੀਆਂ ਹੋ ਗਈਆਂ ਤੇ ਪਾਪਾ ਦੀ ਦੇਖ ਭਾਲ ਦੀ ਲੋੜ ਨਾ ਰਹੀ ਤਾਂ ਓਰਟਰ ਨੂੰ ਅਚਵੀ ਲੱਗਣ ਲੱਗ ਪਈ। ਉਹ ਵਕਤ ਗੁਜ਼ਾਰਨ ਲਈ ਕਦੇ ਲਾਇਬ੍ਰੇਰੀ ’ਚ ਪੜ੍ਹਨ ਚਲੇ ਜਾਂਦਾ, ਕਦੇ ਟੈਨਿਸ ਖੇਡਣ ਲੱਗ ਪੈਂਦਾ ਤੇ ਕਦੇ ਜੌਗਿੰਗ ਕਰਨ ਲੱਗਦਾ। ਮੈਕਸੀਕੋ-68 ਦੀਆਂ ਓਲੰਪਿਕ ਖੇਡਾਂ ਵੇਲੇ ਉਸ ਦਾ ਗੱਠਿਆ ਜੁੱਸਾ 295 ਪੌਂਡ ਦਾ ਸੀ ਜੋ ਸਿਰਫ਼ 220 ਪੌਂਡ ਦਾ ਰਹਿ ਗਿਆ ਸੀ। ਪਤਨੀ ਦੇ ਵਿਗੋਚੇ ਤੋਂ ਉਹ ਅੱਡ ਪਰੇਸ਼ਾਨ ਸੀ। ਆਪਣੇ ਆਪ ਨੂੰ ਰੁਝਾਈ ਰੱਖਣ ਤੇ ਜੁੱਸਾ ਕਾਇਮ ਕਰਨ ਲਈ ਉਸ ਨੇ ਮੁੜ ਵੇਟ ਟ੍ਰੇਨਿੰਗ ਸ਼ੁਰੂ ਕਰ ਲਈ। ਉਹ 700 ਪੌਂਡ ਤੱਕ ਦੀ ਬੈਠਕ ਲਾਉਣ ਲੱਗ ਪਿਆ ਅਤੇ ਉਹਦੀ ਡਿਸਕਸ ਵੀ ਇੰਟਰਨੈਸ਼ਨਲ ਪੱਧਰ ਤੱਕ ਜਾਣ ਲੱਗ ਪਈ।

ਮਾਸਕੋ-80 ਦੀਆਂ ਓਲੰਪਿਕ ਖੇਡਾਂ ’ਚੋਂ ਉਹ ਮੁੜ ਮੈਡਲ ਜਿੱਤਣ ਲਈ ਤਿਆਰ ਸੀ। ਪਰ ਉਹਦੇ ਮਾੜੇ ਭਾਗਾਂ ਨੂੰ ਅਮਰੀਕਾ ਨੇ ਮਾਸਕੋ ਦੀਆਂ ਓਲੰਪਿਕ ਖੇਡਾਂ ਦਾ ਬਾਈਕਾਟ ਕਰ ਦਿੱਤਾ।ਇੰਜ ਉਹਦਾ ਪੰਜਵਾਂ ਗੋਲਡ ਮੈਡਲ ਜਿੱਤਣਾ ਵਿਚੇ ਰਹਿ ਗਿਆ। ਇਸ ਦੌਰਾਨ ਉਸ ਨੇ ਪਾਨ ਅਮੈਰੀਕਨ ਖੇਡਾਂ ’ਚੋਂ ਗੋਲਡ ਮੈਡਲ ਜਿੱਤਿਆ ਅਤੇ ਵੈਟਰਨ ਖਿਡਾਰੀਆਂ ਦੀਆਂ ਮਾਸਟਰ ਖੇਡਾਂ ਵਿਚ ਮੈਡਲ ਜਿੱਤਣ ਲੱਗ ਪਿਆ। ਉਹ ਲਾਸ ਏਂਜਲਸ-84 ਦੀਆਂ ਓਲੰਪਿਕ ਖੇਡਾਂ ਲਈ ਤਿਆਰੀ ਕਰਨ ਲੱਗਾ ਪਰ ਟਰਾਇਲਾਂ ’ਚ ਮਾਮੂਲੀ ਫਰਕ ਨਾਲ ਚੌਥੇ ਨੰਬਰ ’ਤੇ ਰਹਿ ਜਾਣ ਕਾਰਨ ਅਮਰੀਕਾ ਦੀ ਟੀਮ ਵਿਚ ਨਾ ਚੁਣਿਆ ਜਾ ਸਕਿਆ। ਉਂਜ ਮਾਹਿਰਾਂ ਦਾ ਮੰਨਣਾ ਹੈ ਜੇਕਰ ਉਸ ਨੂੰ ਮੌਕਾ ਮਿਲ ਜਾਂਦਾ ਤਾਂ ਉਸ ਨੇ ਉਹੀ ਕਰਨਾ ਸੀ ਜੋਪਹਿਲੀਆਂ ਓਲੰਪਿਕ ਖੇਡਾਂ ਵਿਚ ਕਰਦਾ ਆਇਆ ਸੀ। ਆਖ਼ਰੀ ਵਾਰ ਉਸ ਨੇ ਸਿਓਲ-88 ਦੀਆਂ ਓਲੰਪਿਕ ਖੇਡਾਂ ਲਈ ਟਰਾਇਲ ਦਿੱਤੇ ਪਰ ਕੁਆਲੀਫਾਈ ਨਾ ਕਰ ਸਕਿਆ।

ਉਹ ਬਲੱਡ ਪ੍ਰੈਸ਼ਰ ਦਾ ਸਦੀਵੀ ਮਰੀਜ਼ ਸੀ ਜੋ ਉਸ ਦੇ ਦਿਲ ਦੇ ਦੌਰੇ ਦਾ ਕਾਰਨ ਬਣਿਆ। 13 ਮਾਰਚ 2003 ਨੂੰ ਦਿਲ ਦਾ ਰੋਗੀ ਬਣ ਕੇ 1 ਅਕਤੂਬਰ 2007 ਨੂੰ ਫੋਰਟ ਮੇਅਰ, ਫਲੋਰੀਡਾ ਵਿਚ 71 ਸਾਲ ਦੀ ਉਮਰੇ ਆਪਣੀ ਪਤਨੀ ਤੇ ਦੋਹਾਂ ਧੀਆਂ ਨੂੰ ਆਖ਼ਰੀ ਅਲਵਿਦਾ ਕਹਿ ਗਿਆ। 1983 ਵਿਚ ਉਹਦਾ ਨਾਂ ਅਮਰੀਕਾ ਹਾਲ ਆਫ਼ ਫੇਮ ਵਿਚ ਚਾੜ੍ਹਿਆ ਗਿਆ ਜੋ ਸੁਨਹਿਰੀ ਅੱਖਰਾਂ ’ਚ ਜਗਮਗਾ ਰਿਹੈ।

# ਰਿਸ਼ਤੇ ਵਿੱਚ ਕਦੇ ਬੋਝ ਨਹੀਂ ਹੋਣੇ ਚਾਹੀਦੇ

-ਵਿਜੈ ਗਰਗ -

ਮਨੁੱਖੀ ਜੀਵਨ ਦਾ ਅਸਲ ਆਧਾਰ ਰਿਸ਼ਤੇ ਹਨ ਜਿਨ੍ਹਾਂ ਨੂੰ ਇਨਸਾਨ ਆਪਣੀ ਸਾਰੀ ਜ਼ਿੰਦਗੀ ਕਮਾਉਂਦਾ ਹੈ। ਕੁਝ ਰਿਸ਼ਤੇ ਖ਼ੂਨ ਦੇ ਹੁੰਦੇ ਹਨ, ਕੁਝ ਪਰਿਵਾਰਿਕ ਅਤੇ ਕੁਝ ਸਮਾਜਿਕ। ਹਰ ਰਿਸ਼ਤੇ ਦੀ ਆਪਣੀ ਪਰਿਭਾਸ਼ਾ, ਆਪਣੀ ਜ਼ਰੂਰਤ, ਆਪਣੀ ਪਛਾਣ ਅਤੇ ਆਪਣਾ ਮਹੱਤਵ ਹੈ। ਕੁਝ ਰਿਸ਼ਤੇ ਸਾਡੇ ਲਈ ਪਰਮਾਤਮਾ ਤੈਅ ਕਰਦਾ ਹੈ ਅਤੇ ਕੁਝ ਰਿਸ਼ਤੇ ਅਸੀਂ ਆਪ ਆਪਣੇ ਲਈ ਚੁਣਦੇ ਹਾਂ। ਇਹ ਰਿਸ਼ਤੇ ਸਾਡੇ ਲਈ ਉਹ ਚਾਨਣ ਮੁਨਾਰੇ ਹਨ ਜੋ ਸਾਡੀ ਜ਼ਿੰਦਗੀ ਦੇ ਪੰਧ ਨੂੰ ਆਸਾਨ ਬਣਾ ਦਿੰਦੇ ਹਨ। ਇਕੱਲਾ ਤਾਂ ਰੁੱਖ ਵੀ ਬੇਵੱਸ ਲੱਗਦਾ ਹੈ, ਫਿਰ ਇਨਸਾਨ ਇਹ ਪਹਾੜਾਂ ਜਿਹੀ ਜ਼ਿੰਦਗੀ ਇਕੱਲਾ ਕਿਵੇਂ ਬਿਤਾ ਸਕਦਾ ਹੈ। ਇਨਸਾਨ ਨੂੰ ਜਦ ਆਪਣਿਆਂ ਦਾ ਸਾਥ ਮਿਲਦਾ ਹੈ ਤਾਂ ਇਹ ਕੰਡਿਆਂ ਭਰੀ ਜ਼ਿੰਦਗੀ ਵੀ ਫੁੱਲਾਂ ਦੀ ਸੇਜ ਲੱਗਦੀ ਹੈ। ਹਰ ਖ਼ੁਸ਼ੀ ਆਪਣਿਆਂ ਨਾਲ ਵੰਡ ਕੇ ਵਧਦੀ ਹੈ ਤੇ ਹਰ ਦੁੱਖ ਵੰਡਣ ਨਾਲ ਘਟ ਜਾਂਦਾ ਹੈ। ਸਾਡੇ ਸਮਾਜ ਵਿੱਚ ਮਾਂ-ਧੀ, ਪਿਉ-ਪੁੱਤ, ਪਤੀ-ਪਤਨੀ, ਦਿਉਰ-ਭਰਜਾਈ, ਨਨਾਣ-ਭਰਜਾਈ, ਨੂੰਹ-ਸੱਸ ਆਦਿ ਅਨੇਕਾਂ ਰਿਸ਼ਤੇ ਮਿਲਦੇ ਹਨ। ਜੇ ਗੱਲ ਕਰੀਏ ਅਜੋਕੇ ਯੁੱਗ ਦੀ ਤਾਂ ਅੱਜ ਇਨ੍ਹਾਂ ਰਿਸ਼ਤਿਆਂ ਦੀ ਪਰਿਭਾਸ਼ਾ ਬਦਲਦੀ ਜਾ ਰਹੀ ਹੈ। ਇਨ੍ਹਾਂ ਰਿਸ਼ਤਿਆਂ ਵਿੱਚ ਜੋ ਪਿਆਰ, ਅਪਣੱਤ, ਮਿਠਾਸ ਹੁੰਦੀ ਸੀ, ਉਹ ਹੌਲੀ-ਹੌਲੀ ਖ਼ਤਮ ਹੁੰਦੀ ਜਾ ਰਹੀ ਹੈ। ਅੱਜ ਉਸ ਪਿਆਰ, ਅਪਣੱਤ ਦੀ ਜਗ੍ਹਾ ਨਫ਼ਰਤ, ਧੋਖੇਬਾਜ਼ੀ, ਸ਼ੱਕ, ਵੈਰ-ਵਿਰੋਧ ਨੇ ਲੈ ਲਈ ਹੈ। ਅੱਜ ਅਸੀਂ ਇੰਟਰਨੈੱਟ ਰਾਹੀਂ ਪੂਰੀ ਦੁਨੀਆ ਨਾਲ ਤਾਂ ਜੁੜ ਚੁੱਕੇ ਹਾਂ ਪਰ ਆਪਣੇ ਪਰਿਵਾਰ, ਆਂਢ-ਗੁਆਂਢ ਤੋਂ ਹੀ ਦੂਰ ਹੋ ਚੁੱਕੇ ਹਾਂ। ਅੱਜ ਹਰ ਰਿਸ਼ਤਾ ਫਾਇਦੇ ਨੁਕਸਾਨ ਤਕ ਸੀਮਤ ਹੋ ਕੇ ਰਹਿ ਗਿਆ ਹੈ। ਸੰਯੁਕਤ ਪਰਿਵਾਰਾਂ ਦੇ ਸਮੀਕਰਣ ਹੁਣ ਬਦਲ ਚੁੱਕੇ ਹਨ। ਪਹਿਲਾਂ ਪਰਿਵਾਰ ਸੰਯੁਕਤ ਹੁੰਦੇ ਸਨ। ਪਰਿਵਾਰ ਵਿੱਚ ਦਾਦਾ-ਦਾਦੀ, ਚਾਚਾ-ਚਾਚੀ, ਤਾਇਆ-ਤਾਈ, ਭੂਆ, ਮਾਤਾ-ਪਿਤਾ, ਭੈਣ-ਭਰਾ ਆਦਿ ਅਨੇਕਾਂ ਰਿਸ਼ਤੇ ਵੇਖਣ ਨੂੰ ਮਿਲਦੇ ਸਨ। ਸਾਰੇ ਇੱਕੋ ਛੱਤ ਥੱਲੇ ਪਿਆਰ-ਮੁਹੱਬਤ ਨਾਲ ਰਹਿੰਦੇ ਸਨ। ਉਨ੍ਹਾਂ ਦੇ ਦੁੱਖ-ਸੁੱਖ ਸਭ ਸਾਂਝੇ ਹੁੰਦੇ ਸਨ ਪਰ ਅੱਜ ਸਾਂਝੇ ਪਰਿਵਾਰਾਂ ਦੀ ਗੰਢ ਟੁੱਟਦੀ ਜਾ ਰਹੀ ਹੈ। ਅਜੋਕੇ ਯੁੱਗ ਦੇ ਬੱਚੇ ਦਾਦਾ-ਦਾਦੀ, ਚਾਚੇ-ਤਾਏ, ਭੂਆ, ਮਾਮੇ-ਮਾਮੀਆਂ ਆਦਿ ਦੇ ਪਿਆਰ ਤੋਂ ਵਾਂਝੇ ਹੋ ਚੁੱਕੇ ਹਨ। ਅੱਜ ਹਰ ਰਿਸ਼ਤੇ ਦੀ ਪੂਰਤੀ ਸਿਰਫ਼ ਅੰਕਲ-ਆਂਟੀ ਸ਼ਬਦ ਨਾਲ ਹੋ ਜਾਂਦੀ ਹੈ। ਜਿਸ ਤਰ੍ਹਾਂ ਰਿਸ਼ਤਿਆਂ ਦੇ ਨਾਂ ਬਦਲੇ ਹਨ, ਉਸੇ ਤਰ੍ਹਾਂ ਇਨ੍ਹਾਂ ਰਿਸ਼ਤਿਆਂ ਵਿਚਲਾ ਪਿਆਰ ਵੀ ਕਿਤੇ ਖੰਭ ਲਾ ਕੇ ਉੱਡ ਗਿਆ ਹੈ। ਅਜੋਕੀ ਪੀੜ੍ਹੀ ਨੈਤਿਕ ਕਦਰਾਂ-ਕੀਮਤਾਂ ਤੋਂ ਦੂਰ ਹੁੰਦੀ ਜਾ ਰਹੀ ਹੈ ਜਿਸ ਦਾ ਵੱਡਾ ਕਾਰਨ ਸਾਂਝੇ ਪਰਿਵਾਰਾਂ ਦਾ ਟੁੱਟਣਾ ਹੈ। ਅੱਜ ਬੱਚਿਆਂ ਨੂੰ ਘਰਾਂ ਵਿੱਚ ਨਾ ਤਾਂ ਵੱਡਿਆਂ ਦਾ ਸਤਿਕਾਰ ਦੇਖਣ ਨੂੰ ਮਿਲਦਾ ਹੈ ਅਤੇ ਨਾ ਹੀ ਪਹਿਲਾਂ ਜਿਹਾ ਪਿਆਰ। ਇਸ ਮਸ਼ੀਨੀ ਯੁੱਗ ਨੇ ਤਾਂ ਮਨੁੱਖ ਨੂੰ ਵੀ ਇੱਕ ਮਸ਼ੀਨ ਬਣਾ ਕੇ ਰੱਖ ਦਿੱਤਾ ਹੈ ਜਿਸ ਵਿੱਚ ਭਾਵਨਾਵਾਂ ਲਈ ਕੋਈ ਜਗ੍ਹਾ ਹੀ ਨਹੀਂ ਹੈ। ਅਕਸਰ ਕਿਹਾ ਜਾਂਦਾ ਹੈ ਕਿ ਪੁੱਤ ਕਪੁੱਤ ਹੋ ਜਾਂਦੇ ਹਨ ਪਰ ਮਾਪੇ ਕਦੇ ਕੁਮਾਪੇ ਨਹੀਂ ਹੁੰਦੇ ਪਰ ਹੁਣ ਜਦੋਂ ਅਸੀਂ ਮਾਪਿਆਂ ਵੱਲੋਂ ਧੀ ਦਾ ਕਤਲ, ਪਿਤਾ ਵੱਲੋਂ ਪੁੱਤ ਦਾ ਕਤਲ, ਪੁੱਤ ਵੱਲੋਂ ਜਾਇਦਾਦ ਖ਼ਾਤਰ ਪਿਉ ਦਾ ਕਤਲ, ਭਰਾ ਵੱਲੋਂ ਜ਼ਮੀਨ-ਪੈਸੇ ਖ਼ਾਤਰ ਭਰਾ ਦਾ ਕਤਲ ਆਦਿ ਖ਼ਬਰਾਂ ਪੜ੍ਹਦੇ ਹਾਂ ਤਾਂ ਫਿਰ ਇਹ ਕਹਾਵਤਾਂ ਵੀ ਝੂਠੀਆਂ ਹੀ ਲੱਗਦੀਆਂ ਹਨ। ਇਹ ਸੱਚ ਹੈ ਕਿ ਅੱਜ ਪੈਸੇ ਦੀ ਦੌੜ ਵਿੱਚ ਅਸੀਂ ਭਾਵੇਂ ਮੋਹਰੀ ਹੁੰਦੇ ਜਾ ਰਹੇ ਹਾਂ ਪਰ ਰਿਸ਼ਤਿਆਂ ਨੂੰ ਹਾਰਦੇ ਜਾ ਰਹੇ ਹਾਂ।



ਜਵਾਨ ਪੁੱਤ ਤਾਂ ਪਿਉ ਲਈ ਸੱਜੀ-ਖੱਬੀ ਬਾਂਹ ਹੁੰਦੇ ਹਨ ਜਿਨ੍ਹਾਂ ਦੀ ਜਵਾਨੀ ਨੂੰ ਦੇਖ ਕੇ ਪਿਉ ਨੂੰ ਆਪਣਾ ਬੁਢੇਪਾ ਮਹਿਸੂਸ ਨਹੀਂ ਹੁੰਦਾ ਪਰ ਕਿੰਨੀ ਮਾੜੀ ਗੱਲ ਹੈ ਕਿ ਅੱਜ ਉਹੀ ਬਾਂਹਾਂ ਗਲ਼ ਤਕ ਪਹੁੰਚ ਗਈਆਂ ਹਨ। ਰਿਸ਼ਤਿਆਂ ਦੀ ਜੋ ਸਾਂਝ ਪਹਿਲਾਂ ਵੇਖਣ ਨੂੰ ਮਿਲਦੀ ਸੀ ਉਹ ਸਾਂਝ ਹੁਣ ਖ਼ਤਮ ਹੋ ਚੁੱਕੀ ਹੈ। ਪਹਿਲਾਂ ਜੋ ਨਾਨਕਿਆਂ, ਭੂਆ, ਮਾਸੀਆਂ ਦੇ ਲਈ ਬੱਚਿਆਂ ਦੇ ਦਿਲਾਂ ਵਿੱਚ ਪਿਆਰ, ਸਤਿਕਾਰ ਹੁੰਦਾ ਸੀ, ਉਹ ਹੁਣ ਖ਼ਤਮ ਹੁੰਦਾ ਜਾ ਰਿਹਾ ਹੈ। ਜੇ ਅਸੀਂ ਆਪਣੇ ਬਜ਼ੁਰਗਾਂ ਨੂੰ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਕਿੰਨਾ ਮੋਹ, ਪਿਆਰ ਹੈ ਉਨ੍ਹਾਂ ਅੰਦਰ ਆਪਣੇ ਨਾਲ ਦੇ ਜੰਮਿਆਂ ਜਾਇਆਂ ਲਈ। ਹਰ ਰਿਸ਼ਤੇ ਦੀ ਕਦਰ, ਹਰ ਰਿਸ਼ਤੇ ਨੂੰ ਨਿਭਾਉਣ ਦੀ ਜਾਚ ਹੈ ਪਰ ਜੇ ਨੌਜਵਾਨ ਪੀੜ੍ਹੀ ਦੀ ਗੱਲ ਕਰੀਏ ਤਾਂ ਰਿਸ਼ਤੇ ਨਿਭਾਉਣਾ ਤਾਂ ਵੱਖ ਬਲਕਿ ਉਨ੍ਹਾਂ ਨੂੰ ਤਾਂ ਇਹ ਵੀ ਨਹੀਂ ਪਤਾ ਚੱਲਦਾ ਕਿ ਸਾਹਮਣੇ ਵਾਲਾ ਉਨ੍ਹਾਂ ਦਾ ਰਿਸ਼ਤੇ ਵਿੱਚ ਲੱਗਦਾ ਕੀ ਹੈ? ਰਿਸ਼ਤਿਆਂ ਵਿੱਚ ਆਈ ਗਿਰਾਵਟ ਦਾ ਸਭ ਤੋਂ ਵੱਧ ਅਸਰ ਸਾਡੀ ਬਜ਼ੁਰਗ ਪੀੜ੍ਹੀ ’ਤੇ ਪੈ ਰਿਹਾ ਹੈ ਜਿਸ ਕਾਰਨ ਸਾਡੇ ਬਜ਼ੁਰਗਾਂ ਨੂੰ ਆਪਣਾ ਬੁਢੇਪਾ ਬਿਰਧ ਘਰਾਂ ਵਿੱਚ ਬਿਤਾਉਣਾ ਪੈ ਰਿਹਾ ਹੈ। ਸਾਡੇ ਬਜ਼ੁਰਗ ਜਿਨ੍ਹਾਂ ਸਾਨੂੰ ਪਤਾ ਨਹੀਂ ਕਿੰਨੀਆਂ ਧੁੱਪਾਂ, ਝੱਖੜਾਂ ਤੋਂ ਬਚਾਇਆ, ਪਤਾ ਨਹੀਂ ਕਿੰਨੀ ਵਾਰ ਖ਼ੁਦ ਭੁੱਖੇ ਰਹਿ ਕੇ ਸਾਨੂੰ ਪੇਟ ਭਰ ਖਾਣਾ ਖਵਾਇਆ, ਜਿਨ੍ਹਾਂ ਸਾਨੂੰ ਉਂਗਲੀ ਫੜ ਕੇ ਚੱਲਣਾ ਸਿਖਾਇਆ, ਸਾਨੂੰ ਡਿੱਗਦਿਆਂ ਨੂੰ ਹਮੇਸ਼ਾਂ ਸਹਾਰਾ ਦਿੱਤਾ ਅੱਜ ਉਮਰ ਦੇ ਇਸ ਪੜਾਅ ਉੱਤੇ ਆ ਕੇ ਜਦੋਂ ਉਨ੍ਹਾਂ ਨੂੰ ਸਹਾਰੇ ਦੀ ਲੋੜ ਹੁੰਦੀ ਹੈ ਤਾਂ ਫਿਰ ਉਹੀ ਸਾਡੇ ਮਾਪੇ, ਸਾਡੇ ਬਜ਼ੁਰਗ ਸਾਡੇ ਲਈ ਬੋਝ ਬਣ ਜਾਂਦੇ ਹਨ, ਜਿਨ੍ਹਾਂ ਦੀ ਬਦੌਲਤ ਅਸੀਂ ਦੁਨੀਆਂ ਦੇਖੀ, ਜਿਨ੍ਹਾਂ ਕਾਰਨ ਅੱਜ ਸਾਡੀ ਪਛਾਣ ਹੈ, ਜਿਨ੍ਹਾਂ ਨੇ ਸਾਡੀਆਂ ਖ਼ੁਸ਼ੀਆਂ ਲਈ ਆਪਣੀਆਂ ਲੱਖਾਂ ਸੱਧਰਾਂ ਨੂੰ ਕੁਰਬਾਨ ਕਰ ਦਿੱਤਾ। ਆਖਰ ਉਹੀ ਮਾਪੇ ਸਾਡੇ ਲਈ ਬੋਝ ਕਿਵੇਂ ਹੋ ਸਕਦੇ ਹਨ? ਜੇ ਅਸੀਂ ਆਪਣੇ ਮਾਪਿਆਂ ਦਾ ਸਤਿਕਾਰ ਨਹੀਂ ਕਰ ਸਕਦੇ ਤਾਂ ਫਿਰ ਆਉਣ ਵਾਲੀ ਪੀੜ੍ਹੀ ਤੋਂ ਸਤਿਕਾਰ ਦੀ ਆਸ ਕਿਵੇਂ ਰੱਖ ਸਕਦੇ ਹਾਂ। ਆਖਰ ‘ਵੱਢਾਂਗੇ ਤਾਂ ਉਹੀ ਨਾ ਜੋ ਕੁਝ ਬੀਜਾਂਗੇ’। ਹੁਣ ਜੇ ਗੱਲ ਕਰੀਏ ਪਤੀ-ਪਤਨੀ ਦੇ ਰਿਸ਼ਤੇ ਦੀ ਤਾਂ ਇੱਕ ਸਮਾਂ ਸੀ ਜਦੋਂ ਇਸ ਨੂੰ ਸੱਤ ਜਨਮਾਂ ਦਾ ਸਾਥ ਸਮਝਿਆ ਜਾਂਦਾ ਸੀ ਪਰ ਹੁਣ ਸੱਤ ਜਨਮ ਤਾਂ ਕੀ ਇੱਕ ਜਨਮ ਸਾਥ ਨਿਭਾਉਣਾ ਵੀ ਔਖਾ ਹੋ ਗਿਆ ਹੈ। ਜਿੰਨੇ ਜਲਦੀ ਵਿਆਹ ਹੁੰਦੇ ਹਨ, ਉਨੇ ਜਲਦੀ ਹੀ ਟੁੱਟ ਜਾਂਦੇ ਹਨ। ਰਿਸ਼ਤੇ ਨਿਭਾਉਣ ਦੀ ਸ਼ਿੱਦਤ ਹੁਣ ਖ਼ਤਮ ਹੋ ਚੁੱਕੀ ਹੈ। ਰੂਹਾਂ ਦੇ ਰਿਸ਼ਤੇ ਪਲਾਂ ਵਿੱਚ ਬਿਖਰ ਜਾਂਦੇ ਹਨ। ਪਦਾਰਥਵਾਦੀ ਯੁੱਗ ਦੀ ਮਾਰ ਕਾਰਨ ਭੈਣ-ਭਰਾ ਦਾ ਰਿਸ਼ਤਾ ਵੀ ਪ੍ਰਭਾਵਿਤ ਹੋਇਆ ਹੈ। ਇਸ ਰਿਸ਼ਤੇ ਵਿਚਲੀ ਸਾਂਝ, ਆਪਸੀ ਪਿਆਰ ਹੁਣ ਖ਼ਤਮ ਹੁੰਦਾ ਜਾਪ ਰਿਹਾ ਹੈ। ਭਰਾ-ਭਰਾ ਦਾ ਦੁਸ਼ਮਣ ਬਣ ਚੁੱਕਾ ਹੈ। ਨਨਾਣ-ਭਰਜਾਈ, ਦਿਉਰ-ਭਰਜਾਈ, ਜੀਜਾ-ਸਾਲੀ, ਨੂੰਹ-ਸੱਸ ਆਦਿ ਰਿਸ਼ਤੇ ਜਿਨ੍ਹਾਂ ਵਿੱਚ ਪਿਆਰ ਅਤੇ ਤਕਰਾਰ ਦੋਵੇਂ ਦੇਖਣ ਨੂੰ ਮਿਲਦੇ ਸਨ, ਅੱਜ ਇਨ੍ਹਾਂ ਰਿਸ਼ਤਿਆਂ ਦੀ ਪਰਿਭਾਸ਼ਾ ਬਦਲ ਚੁੱਕੀ ਹੈ। ਅੱਜ ਅਸੀਂ ਨੂੰਹਾਂ ਘੱਟ ਅਤੇ ਨੀਂਹਾਂ ਜ਼ਿਆਦਾ ਵਿਆਹ ਕੇ ਲਿਆਉਂਦੇ ਹਾਂ। ਘਰ ਵਿੱਚ ਮੁੰਡੇ ਦਾ ਵਿਆਹ ਮਗਰੋਂ ਹੁੰਦਾ ਹੈ ਬਟਵਾਰਾ ਪਹਿਲਾਂ ਹੋ ਜਾਂਦਾ ਹੈ। ਪਹਿਲਾਂ ਇਹ ਬਟਵਾਰਾ ਭਰਾਵਾਂ-ਭਰਾਵਾਂ ਵਿਚਕਾਰ ਹੁੰਦਾ ਸੀ ਪਰ ਅੱਜ-ਕਲ੍ਹ ਤਾਂ ਜੇ ਕਿਸੇ ਦੇ ਇੱਕ ਪੁੱਤ ਹੈ ਉਹ ਵੀ ਮਾਪਿਆਂ ਨਾਲੋਂ ਅੱਡ ਹੀ ਰਹਿੰਦਾ ਹੈ। ਇਸ ਤਰ੍ਹਾਂ ਰਿਸ਼ਤਿਆਂ ਵਿਚਲੀ ਇਸ ਗਿਰਾਵਟ ਕਾਰਨ ਸਾਡੇ ਬਜ਼ੁਰਗ ਖ਼ੂਨ ਦੇ ਹੰਝੂ ਵਹਾ ਰਹੇ ਹਨ। ਰਿਸ਼ਤਿਆਂ ’ਚ ਆਈਆਂ ਇਨ੍ਹਾਂ ਦੂਰੀਆਂ ਦਾ ਇੱਕ ਵੱਡਾ ਕਾਰਨ ਇਹੀ ਹੈ ਕਿ ਸਾਡੀ ਸਹਿਣ ਸ਼ਕਤੀ ਖ਼ਤਮ ਹੋ ਚੁੱਕੀ ਹੈ। ਅੱਜ ਪੈਸਾ ਹੀ ਸਾਡੇ ਲਈ ਸਭ ਕੁਝ ਬਣ ਚੁੱਕਾ ਹੈ। ਰਿਸ਼ਤੇ ਪੈਸੇ ਦੀ ਚਕਾਚੌਂਧ ਵਿੱਚ ਧੁੰਦਲੇ ਪੈਂਦੇ ਜਾ ਰਹੇ ਹਨ ਪਰ ਸਮਾਂ ਰਹਿੰਦੇ ਹੀ ਸਾਨੂੰ ਆਪਣੀ ਸੋਚ ਨੂੰ ਬਦਲਣਾ ਪਵੇਗਾ। ਸਾਡੀ ਅਸਲੀ ਦੌਲਤ ਇਹ ਪਿਆਰੇ ਜਿਹੇ ਰਿਸ਼ਤੇ ਹਨ ਜਿਨ੍ਹਾਂ ਨੂੰ ਅਸੀਂ ਸਾਰੀ ਜ਼ਿੰਦਗੀ ਕਮਾਉਂਦੇ ਹਾਂ ਤੇ ਇਸ ਦੌਲਤ ਨੂੰ ਸੰਭਾਲਣਾ ਸਾਡਾ ਮੁਢਲਾ ਫ਼ਰਜ਼ ਹੈ। ਰਿਸ਼ਤਿਆਂ ਵਿਚਲਾ ਪਿਆਰ ਮੋਹ, ਮਿਠਾਸ, ਅਪਣੱਤ ਹੀ ਇਸ ਦੀ ਅਸਲੀ ਪਰਿਭਾਸ਼ਾ ਹੈ ਅਤੇ ਇਸ ਨੂੰ ਕਾਇਮ ਰੱਖਣਾ ਇਨਸਾਨੀਅਤ ਦਾ ਫ਼ਰਜ਼ ਹੈ। ਪਰਮਾਤਮਾ ਮਿਹਰ ਕਰੇ ਤੇ ਰਿਸ਼ਤਿਆਂ ਦੀ ਟੁੱਟੀ ਹੋਈ ਗੰਢ ਮੁੜ ਤੋਂ ਜੁੜ ਜਾਵੇ।

# ਸਮੱਸਿਆਵਾਂ ਤੋਂ ਡਰਕੇ ਨਹੀਂ ਸਗੋਂ ਡਟ ਕੇ ਮੁਕਾਬਲਾ ਕਰਨਾ ਹੀ ਜ਼ਿੰਦਗੀ

-ਹਰਪ੍ਰੀਤ ਸਿੰਘ ਬਰਾੜ-

ਜ਼ਿੰਦਗੀ ਦੀ ਭੱਜਦੌੜ ਕਾਰਨ ਜ਼ਿਆਦਾਤਰ ਲੋਕਾਂ ’ਚ ਤਣਾਅ, ਗੁੱਸਾ, ਪ੍ਰੇਸ਼ਾਨੀ ਅਤੇ ਡਰ ਦੇਖਣ ਨੂੰ ਮਿਲਦਾ ਹੈ, ਥੋੜੀ ਜਿਹੀ ਝਿੜਕ ਜਾਂ ਘਰ ’ਚ ਨੋਕਝੋਕ ਹੋਣ ’ਤੇ ਜਲਦ ਹੀ ਅਣਸੁਖਾਵੇਂ ਜਾਂ ਗਲਤ ਫੈਸਲੇ ਲੈਂਦੇ ਹਨ।ਅੱਜ ਦੇ ਆਧੁਨਿਕ ਯੁੱਗ ’ਚ ਛੋਟੇ ਬੱਚਿਆਂ ਤੋਂ ਲੈਕੇ ਵੱਡੇ ਬਜ਼ੁਰਗ, ਪੜ੍ਹੇ-ਲਿਖੇ ਅਤੇ ਅਮੀਰ ਤੋਂ ਲੈਕੇ ਗਰੀਬ ਤੱਕ ਸਾਰੇ ਵਰਗਾਂ ’ਚ ਆਤਮਹੱਤਿਆ ਦੀਆਂ ਘਟਨਾਵਾਂ ਵਧਦੀਆਂ ਜਾ ਰਹੀਆਂ ਹਨ। ਹਰ ਰੋਜ਼ ਖੁਦਕੁਸ਼ੀ ਦੀਆਂ ਖ਼ਬਰਾ ਦੇਖਣ ਸੁਣਨ ਨੂੰ ਮਿਲਦੀਆਂ ਹਨ। ਦੇਸ਼ ’ਚ ਆਤਮਹੱਤਿਆ ਦੇ ਕੁਝ ਕਾਰਨ ਜਿਵੇਂ ਪੇਸ਼ੇਵਰ ਸਮੱਸਿਆਵਾਂ, ਹਿੰਸਾ, ਘਰੇਲੂ ਕਲੇਸ਼,ਆਰਥਕ ਨੁਕਸਾਨ, ਹੀਣ ਭਾਵਨਾ ਅਤੇ ਮਾਨਸਕ ਵਿਕਾਰ ਹਨ। ਪੇਂਡੂ ਇਲਾਕਿਆਂ ਦੀ ਬਰਾਬਰੀ ’ਚ ਸ਼ਹਿਰਾਂ ’ਚ ਆਤਮਹੱਤਿਆ ਦਰ ਜ਼ਿਆਦਾ ਹੈ। ਹਰ ਆਤਮਹੱਤਿਆ ਵਿਨਾਸ਼ਕਾਰੀ ਹੁੰਦੀ ਹੈ ਅਤੇ ਇਸਦਾ ਉਸਦੇ ਆਲੇ -ਦੁਆਲੇ ਦੇ ਲੋਕਾਂ ’ਤੇ ਡੂੰਘਾ ਅਸਰ ਪੈਂਦਾ ਹੈ। ਹਾਲਾਂਕਿ ਜਾਗਰੂਕਤਾ ਵਧਾ ਕੇ ਅਸੀਂ ਦੁਨੀਆਂ ’ਚ ਆਤਮਹੱਤਿਆ ਦੀਆਂ ਘਟਨਾਂਵਾ ਨੂੰ ਘੱਟ ਕਰ ਸਕਦੇ ਹਾਂ।ਆਤਮਹੱਤਿਆ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ। ਜ਼ਿੰਦਗੀ ਨਿਰੰਤਰ ਚੱਲਣ ਦਾ ਨਾਂਅ ਹੈ, ਜਿਸ ਵਿਚ ਦੁੱਖ-ਸੁੱਖ ਆਉਂਦੇ ਹੀ ਰਹਿੰਦੇ ਹਨ।ਮੁਸ਼ਕਿਲਾਂ ਤੋਂ ਡਰ ਜਾਣਾ ਜਾਂ ਹਾਰ ਮੰਨ ਲੈਣਾ ਤਾਂ ਕਮਜ਼ੋਰੀ ਹੈ ਅਤੇ ਆਤਮਹ-ੱਤਿਆ ਉਸੇ ਕਮਜ਼ੋਰੀ ਅਤੇ ਕਾਇਰਤਾ ਦੀ ਨਿਸ਼ਾਨੀ ਹੈ। ਪਸ਼ੂ-ਪੰਛੀ ਵੀ ਕਦੇ ਹਾਰ ਨਹੀਂ ਮੰਨਦੇ ਅਤੇ ਕਦੇ ਆਤਮਹੱਤਿਆ ਨਹੀਂ ਕਰਦੇ, ਉਹ ਹਰ ਹਾਲ ’ਚ ਜਿਉਣਾ ਸਿੱਖ ਜਾਂਦੇ ਹਨ।ਅਸੀਂ ਤਾਂ ਫਿਰ ਵੀ ਇਨਸਾਨ ਹਾਂ, ਸਾਡੇ ਕੋਲ ਦਿਮਾਗ ਹੈ ,ਸੰਜਮ ਹੈ। ਅਸੀਂ ਸ਼ਰੀਰਕ ਅਤੇ ਮਾਨਸਕ ਰੂਪ ’ਚ ਸਮਰੱਥ ਹਾਂ। ਸਾਡੇ ਕੋਲ ਮਦਦ ਕਰਨ ਲਈ ਰਿਸ਼ਤੇ-ਨਾਤੇ ,ਸੰਸਾਧਨ, ਸੰਸਥਾਂਵਾ, ਪ੍ਰਸ਼ਾਸਨ, ਕਾਇਦੇ-ਕਾਨੂੰਨ ਅਤੇ ਹੋਰ ਸਹੂਲਤਾਂ ਹਨ।ਤਾਂ ਫਿਰ ਅਸੀਂ ਹਾਰ ਕਿਉਂ ਮੰਨ ਲੈਂਦੇ ਹਾਂ? ਸਾਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਮੁਸੀਬਤਾਂ ਤੋਂ ਡਰ ਕੇ ਕਿਸ਼ਤੀ ਪਾਰ ਨਹੀਂ ਹੁੰਦੀ ਅਤੇ ਹਿੰਮਤ ਕਰਨ ਵਾਲਿਆਂ ਦੀ ਕਦੇ ਹਾਰ ਨਹੀਂ ਹੁੰਦੀ।ਕੀ ਅਸੀਂ ਦੁਨੀਆਂ ਵਿਚੋਂ ਸਭ ਤੋਂ ਜ਼ਿਆਦਾ ਦੁਖੀ ਹਾਂ ? ਨਹੀਂ ਕਦੇ ਨਹੀਂ।ਲੋਕ ਸਾਡੇ ਨਾਲੋਂ ਜ਼ਿਆਦਾ ਸਮੱਸਿਆਵਾਂ ਨਾਲ ਜੂਝ ਰਹੇ ਹਨ। ਜ਼ਿੰਦਗੀ ਪ੍ਰਤੀ ਸਿਰਫ ਸਾਡਾ ਨਜ਼ਰਿਆ ਬਦਲ ਗਿਆ ਹੈ, ਜਦੋਂ ਅਸੀਂ ਲੋਕਾਂ ਦੀਆਂ ਸਮੱਸਿਆਵਾਂ ਸੁਣਾਂਗੇ ਤਾਂ ਸਾਨੂੰ ਪਤਾ ਲੱਗੇਗਾ ਕਿ ਸਾਡੀ ਸਮੱਸਿਆ ਹੋਰਾਂ ਦੇ ਮੁਕਾਬਲੇ ਕੁਝ ਵੀ ਨਹੀਂ ਹੈ ਅਤੇ ਸਮਾਂ ਕਦੇ ਵੀ ਇਕ ਸਮਾਨ ਨਹੀਂ ਰਹਿੰਦਾ। ਸਮੱਸਿਆਵਾਂ ਨੂੰ ਵਧਾਉਣ ’ਚ ਸਾਡਾ ਸਭ ਤੋਂ ਵੱਡਾ ਹੱਥ ਹੈ, ਦੂਜਿਆਂ ’ਤੇ ਲੋੜ ਤੋਂ ਵੱਧ ਵਿਸ਼ਵਾਸ ,ਹੱਦੋਂ ਵੱਧ ਉਮੀਦ ਜਾਂ ਨਿਰਭਰਤਾ, ਮਾੜੀ ਸੰਗਤ, ਮਾੜੀਆਂ ਆਦਤਾਂ, ਲਾਲਚ, ਜਾਗੂਰਕ ਨਾ ਹੋਣਾ, ਨਿਯਮਾਂ ਨੂੰ ਤੋੜਨਾ, ਸੰਜ਼ਮ ਦੀ ਕਮੀ, ਆਤਮਚਿੰਤਨ ਨਾ ਕਰਨਾ, ਸਮਾਜ ’ਚ ਆਪਣੇ ਰੁਤਬੇ ਦਾ ਦਿਖਾਵਾ ਕਰਨਾ, ਅਸਲੀਅਤ ਨੂੰ ਝੁਠਲਾਉਣਾ, ਜ਼ਿੰਮੇਵਾਰੀ ਅਤੇ ਫਰਜ਼ ਤੋਂ ਦੂਰ ਭੱਜਣਾ, ਨਕਰਾਤਮਕ ਵਿਚਾਰਾਂ ਦਾ ਜਾਲ ਬੁਣਨਾ ਆਦਿ ਪਰਿਸਥਿਤੀਆਂ ਮਨੁੱਖ ਵੱਲੋਂ ਖੁਦ ਹੀ ਪੈਦਾ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਮਨੁੱਖ ਆਪਣੀ ਅਕਲਮੰਦੀ ਨਾਲ ਸੁਲਝਾ ਸਕਦਾ ਹੈ।

ਸਮੱਸਿਆਵਾਂ ਤੋਂ ਡਰ ਕੇ ਭੱਜਣਾ ਕਾਇਰਤਾ ਅਤੇ ਬੁਜ਼ਦਿਲੀ ਅਖਵਾਉਂਦੀ ਹੈ।ਕੋਈ ਵੀ ਸਮੱਸਿਆ ਡਰ ਨਾਲ ਨਹੀਂ ਸਗੋਂ ਉਸ ਸਮੱਸਿਆ ਦਾ ਮੁਕਾਬਲਾ ਕਰਕੇ ਹੀ ਦੂਰ ਹੁੰਦੀ ਹੈ। ਇਮਾਨਦਾਰੀ ਅਤੇ ਸੱਚਾਈ ਨਾਲ ਜਿਉਣ ਲਈ ਚਾਹੇ ਕਿੰਨਾ ਵੀ ਸੰਘਰਸ਼ ਕਿਉਂ ਨਾ ਕਰਨਾ ਪਵੇ, ਤਾਂ ਲੋਕਲਾਜ਼ ਕਦੇ ਨਾ ਸੋਚੋ।ਸਾਡੇ ਆਲੇ -ਦੁਆਲੇ ਵੀ ਅਜਿਹੇ ਬਹੁਤ ਪ੍ਰੇਰਣਾਸਰੋਤ ਸਖਸ਼ੀਅਤਾਂ ਮਿਲ ਜਾਣਗੀਆਂ ਜ਼ੋ ਅੱਜ ਵੀ ਸੰਘਰਸ਼ ਭਰੀ ਜ਼ਿੰਦਗੀ ਜਿਉਂ ਕੇ ਸਮਾਜ ਦੇ ਸਾਹਮਣੇ ਇਕ ਮਿਸਾਲ ਕਾਇਮ ਕਰ ਰਹੇ ਹਨ। ਲਾਕਡਾਉਨ ’ਚ ਲੱਖਾਂ ਲੋਕਾਂ ਨੇ ਹਜਾਰਾਂ ਕਿਲੋਮੀਟਰ ਦਾ ਸਫਰ ਤੈਅ ਕੀਤਾ।ਸਾਡੇ ਦੇਸ਼ ਦੇ ਫੌਜੀ ਜਵਾਨ ਕੜਕਦੀ ਧੁੱਪ ਅਤੇ ਮਨਫ਼ੀ ਤਾਪਮਾਨ ’ਚ ਵੀ ਦੇਸ਼ ਦੀ ਰਾਖੀ ਲਈ ਸਰਹੱਦਾਂ ’ਤੇ ਡਟੇ ਰਹਿੰਦੇ ਹਨ। ਕਈ ਮੁਸ਼ਕਿਲ ਇਲਾਕਿਆਂ ’ਚ ਪੜ੍ਹਨ ਦੇ ਲਈ ਰੋਜ਼ ਜੰਗਲ, ਨਦੀ -ਨਾਲਿਆਂ ,ਖ਼ਰਾਬ ਰਸਤਿਆਂ ਤੋਂ ਹੋਕੇ ਲੰਘਦੇ ਬੱਚੇ।ਹੜ੍ਹਾਂ ਅਤੇ ਕੁਦਰਤੀ ਆਫ਼ਤਾਂ ਨਾਲ ਜੂਝ ਰਹੇ ਮਿਹਨਤਕਸ਼ ਕਿਸਾਨ ਵੀ ਰੋਜਾਨਾ ਸੰਘਰਸ਼ ਹੀ ਕਰਦੇ ਹਨ।ਹੁਣ ਤਾਂ ਕਰੋਨਾ ਅਤੇ ਮਹਿੰਗਾਈ ਨੇ ਸੰਘਰਸ਼ ਨੂੰ ਹੋਰ ਵਧਾ ਦਿੱਤਾ ਹੈ।ਦੁਨੀਆਂ ਭਰ ’ਚ ਰੋਜ਼ ਕਰੋੜਾਂ ਲੋਕ ਬੇਘਰ, ਬੇਸਹਾਰਾ, ਅਨਾਥ, ਬਿਮਾਰ ਹੋਕੇ ਵੀ ਜ਼ਿੰਦਗੀ ਜਿਉਂਦੇ ਹਨ, ਜਿਨ੍ਹਾਂ ਨੂੰ ਢਿੱਡ ਭਰ ਕੇ ਖਾਣਾ ਵੀ ਨਸੀਬ ਨਹੀਂ ਹੁੰਦਾ ।ਵਿਸ਼ਵ ਦੀ ਅੱਧੀ ਅਬਾਦੀ ਗਰੀਬੀ ’ਚ ਜ਼ਿੰਦਗੀ ਬਸਰ ਕਰ ਰਹੀ ਹੈ, ਅੱਜ ਵੀ 75-80 ਸਾਲ ਦੇ ਬਜ਼ੁਰਗ ਦੋ ਡੰਗ ਦੀ ਰੋਟੀ ਦੇ ਲਈ ਕੰਮ ਕਰਦੇ ਹਨ । ਐਨੇ ਕਸ਼ਟ ਸਹਿਣ ਤੋਂ ਬਾਅਦ ਵੀ ਉਨ੍ਹਾਂ ਦਾ ਸੰਘਰਸ਼ ਜਾਰੀ ਹੈ ਅਤੇ ਇਸੇ ਨੂੰ ਹੀ ਜ਼ਿੰਦਾਦਿਲੀ ਕਹਿੰਦੇ ਹਨ।ਜ਼ਿੰਦਗੀ ਅਨਮੋਲ ਹੈ, ਸਾਰੀ ਜ਼ਿੰਦਗੀ ਦੀ ਦੌਲਤ ਵੇਚ ਕੇ ਵੀ ਇਕ ਪਲ ਦੀ ਜ਼ਿੰਦਗੀ ਨਹੀਂ ਖਰੀਦੀ ਜਾ ਸਕਦੀ।ਅਕਸਰ ਦੇਖਿਆ ਜਾਂਦਾ ਹੈ ਕਿ ਚੰਗੇ ਪਰਿਵਾਰ ਦੇ ਪੜ੍ਹੇ ਲਿਖੇ ਲੋਕ ਮਾਲੀ ਸੰਕਟ ਪੈਣ ’ਤੇ ਆਤਮਹੱਤਿਆ ਦੀ ਕੋਸ਼ਿਸ਼ ਕਰਦੇ ਹਨ ਪਰ ਉਹ ਹਲਾਤਾਂ ਮੁਤਾਬਕ ਢਲਣ ਦੀ ਕੋਸ਼ਿਸ਼ ਨਹੀਂ ਕਰਦੇ।ਅਮੀਰੀ ਤੋਂ ਬਾਅਦ ਗਰੀਬੀ ਆਈ ਤਾਂ ਕੀ ਹੋਇਆ? ਸੰਘਰਸ਼ ਕਰਨ-ਕੋਸ਼ਿਸ਼ ਕਰਨ ਤੋਂ ਕਿਉਂ ਡਰਨਾ, ਅੱਧੀ ਅਬਾਦੀ ਗਰੀਬੀ ਨਾਲ ਸੰਘਰਸ਼ ਕਰਕੇ ਜ਼ਿੰਦਗੀ ਗੁਜਾਰ ਰਹੀ ਹੈ। ਆਤਮਹੱਤਿਆ ਨੂੰ ਰੋਕਣਾ ਅਕਸਰ ਸੰਭਵ ਹੁੰਦਾ ਹੈ ਅਤੇ ਸਾਨੂੰ ਸਭ ਨੂੰ ਇਸ ਨੂੰ ਰੋਕਣ ਲਈ ਆਪਣਾ ਰੋਲ ਅਦਾ ਕਰਨਾ ਚਾਹੀਦਾ ਹੈ। ਆਪਣੇ ਯੋਗਦਾਨ ਨਾਲ ਅਸੀਂ ਕਿਸੇ ਦੇ ਮਾੜੇ ਸਮੇਂ ’ਚ -ਸਮਾਜ ਦੇ ਇਕ ਹਿੱਸੇ ਦੇ ਰੂਪ ’ਚ, ਬੱਚੇ ਦੇ ਰੂਪ ’ਚ, ਮਾਤਾ ਪਿਤਾ ਦੇ ਰੂਪ ’ਚ, ਦੋਸਤ -ਮਿੱਤਰ ਦੇ ਰੂਪ ’ਚ, ਨਾਲ ਕੰਮ ਕਰਨ ਵਾਲੇ ਸਾਥੀ ਦੇ ਰੂਪ ’ਚ ਜਾਂ ਇਕ ਗੁਆਂਢੀ ਦੇ ਰੂਪ ’ਚ ਕਿਸੇ ਦੇ ਮਾੜੇ ਸਮੇਂ ’ਚ ਬਦਲਾਅ ਲਿਆ ਸਕਦੇ ਹਾਂ। ਸਾਡੇ ਵੱਲੋਂ ਕੀਤੀ ਗਈ ਇਕ ਛੋਟੀ ਜਿਹੀ ਕੋਸ਼ਿਸ਼-ਇਕ ਛੋਟੀ ਜਿਹੀ ਪਰਵਾਹ ਕਿਸੇ ਦੀ ਜ਼ਿੰਦਗੀ ਬਚਾਅ ਸਕਦੀ ਹੈ।ਇਸ ਤਰ੍ਹਾਂ ਉਸ ਵਿਅਕਤੀ ਦੀ ਜ਼ਿੰਦਗੀ ’ਚ ਇਕ ਨਵੀਂ ਉਮੀਦ ਪੈਦਾ ਕੀਤੀ ਜਾ ਸਕਦੀ ਹੈ। ਆਓ ਪ੍ਰਣ ਕਰੀਏ ਕਿ ਅਸੀਂ ਸੰਘਰਸ਼ ਕਰਨ ਵਾਲਿਆਂ ’ਚ ਸਕਰਾਮਕ ਹੱਲਾਸ਼ੇਰੀ, ਆਤਮਵਿਸ਼ਵਾਸ ਜਗਾ ਕੇ ਅਤੇ ਉਨ੍ਹਾਂ ਨੂੰ ਹੌਂਸਲਾ ਦੇ ਕੇ ਮਜ਼ਬੂਤ ਕਰਨਾ ਹੈ।ਚੁਣੌਤੀਆਂ, ਅਸਫਲਤਾਵਾਂ, ਹਾਰਾਂ ਅਤੇ ਅੰਤ ’ਚ ਜਿੱਤ ਇਹੋ ਹਨ ਜੋ ਤੁਹਾਡੀ ਜ਼ਿੰਦਗੀ ਨੂੰ ਸਾਰਥਕ ਬਣਾਉਂਦੀਆਂ ਹਨ ਅਤੇ ਅੱਗੇ ਜਾ ਕੇ ਇਹੋ ਜਿੱਤ ਅਖਵਾਉਂਦੀ ਹੈ। ਇਸ ਲਈ ਕੁਝ ਵੀ ਹੋਵੇ ਹਾਰ ਨਹੀਂ ਮੰਨਣੀ ਚਾਹੀਦੀ ਅਤੇ ਜਿੰਨੀ ਵੀ ਜ਼ਿੰਦਗੀ ਮਿਲੀ ਹੈ ਜ਼ਿੰਦਾਦਿਲੀ ਨਾਲ ਜਿਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।



# ਮੁੱਖ ਮੰਤਰੀ ਵੱਲੋਂ ਰਣਜੀਤ ਸਾਗਰ ਡੈਮ ਦੇ ਆਲੇ-ਦੁਆਲੇ ਦੇ ਖੇਤਰ ਖਾਸ ਕਰਕੇ ਧਾਰ ਕਲਾਂ ਬਲਾਕ ਨੂੰ ਪ੍ਰਮੁੱਖ ਸੈਰ- ਸਪਾਟਾ ਸਥਾਨ ਵਜੋਂ ਵਿਕਸਤ ਕਰਨ ਦਾ ਐਲਾਨ

### ਖੇਤਰ ਦੀ ਬੇਮਿਸਾਲ ਕੁਦਰਤੀ ਸੁੰਦਰਤਾ ਪੰਜਾਬ ਨੂੰ ਆਲਮੀ ਸੈਰਗਾਹਾਂ ਦੇ ਨਕਸ਼ੇ 'ਤੇ ਹੋਰ ਉਭਾਰਨ ਵਿੱਚ ਸਮਰੱਥ : ਮੁੱਖ ਮੰਤਰੀ

ਧਾਰ (ਪਠਾਨਕੋਟ), 18 ਮਈ: (ਪੋਸਟ ਬਿਊਰੋ):ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀਰਵਾਰ ਨੂੰ ਕਿਹਾ ਕਿ ਸੂਬਾ ਸਰਕਾਰ ਵੱਲੋਂ ਰਣਜੀਤ ਸਾਗਰ ਡੈਮ ਦੇ ਆਲੇ-ਦੁਆਲੇ ਦੇ ਖੇਤਰ ਖਾਸ ਕਰਕੇ ਧਾਰ ਕਲਾਂ ਬਲਾਕ ਨੂੰ ਪ੍ਰਮੁੱਖ ਸੈਰ-ਸਪਾਟਾ ਕੇਂਦਰ ਵਜੋਂ ਵਿਕਸਤ ਕਰਨ ਲਈ ਠੋਸ ਤੇ ਸੁਹਿਰਦ ਯਤਨ ਕੀਤੇ ਜਾਣਗੇ।

ਮੁੱਖ ਮੰਤਰੀ ਜੋ ਵੀਰਵਾਰ ਨੂੰ ਇਸ ਖੇਤਰ ਦੇ ਦੌਰੇ 'ਤੇ ਸਨ, ਨੇ ਕਿਹਾ ਕਿ ਇਸ ਖੇਤਰ ਨੂੰ ਵੱਡੇ ਪੱਧਰ ਦੀ ਰਮਣੀਕ ਸੈਰਗਾਹ ਵਜੋਂ ਵਿਕਸਤ ਕਰਨ ਦੀ ਵੱਡੀ ਸੰਭਾਵਨਾ ਹੈ, ਜਿਸ ਲਈ ਠੋਸ ਉਪਰਾਲੇ ਕੀਤੇ ਜਾਣਗੇ। ਉਨਾਂ ਅਫਸੋਸ ਪ੍ਰਗਟਾਉਂਦਿਆਂ ਕਿਹਾ ਕਿ ਪਿਛਲੀਆਂ ਸੂਬਾ ਸਰਕਾਰਾਂ ਦੀਆਂ ਅਣਗਹਿਲੀਆਂ ਕਰ ਕੇ ਇਹ ਖੇਤਰ ਵਿਕਾਸ ਪੱਖੋਂ ਪਛੜਿਆ ਰਹਿ ਗਿਆ । ਭਗਵੰਤ ਮਾਨ ਨੇ ਕਿਹਾ ਕਿ ਖੇਤਰ ਵਿੱਚ ਸੈਰ-ਸਪਾਟੇ ਦੀਆਂ ਬੇਸ਼ੁਮਾਰ ਸੰਭਾਵਨਾਵਾਂ ਮੌਜੂਦ ਹਨ ਅਤੇ ਕੁਦਰਤੀ ਸੁੰਦਰਤਾ ਵਾਲੀ ਇਸ ਰਮਣੀਕ ਧਰਤੀ ਨੂੰ ਹੁਣ ਸੈਲਾਨੀਆਂ ਲਈ ਖਿੱਚ ਦੇ ਕੇਂਦਰ ਵਜੋਂ ਵਰਤਿਆ ਜਾਵੇਗਾ।

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਸਮੁੱਚੇ ਖੇਤਰ ਦੇ ਵਿਕਾਸ ਲਈ ਵਿਸਥਾਰਤ ਖਾਕਾ ਤਿਆਰ ਕਰਨ ਲਈ ਕਿਹਾ ਤਾਂ ਜੋ ਸੂਬੇ ਵਿੱਚ ਸੈਰ-ਸਪਾਟਾ ਖੇਤਰ ਨੂੰ ਵੱਡਾ ਹੁਲਾਰਾ ਦਿੱਤਾ ਜਾ ਸਕੇ। ਉਨਾਂ ਕਿਹਾ ਕਿ ਇਹ ਇਲਾਕਾ ਕੁਦਰਤੀ ਸੋਮਿਆਂ ਨਾਲ ਭਰਪੂਰ ਹੈ ਜੋ ਦੁਨੀਆਂ ਭਰ ਦੇ ਸੈਲਾਨੀਆਂ ਨੂੰ ਆਕਰਸ਼ਿਤ ਕਰ ਸਕਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਖੇਤਰ ਵਿੱਚ ਆਰਥਿਕ ਗਤੀਵਿਧੀਆਂ ਨੂੰ ਹੁਲਾਰਾ ਦੇਣਾ ਸਮੇਂ ਦੀ ਲੋੜ ਹੈ ਤਾਂ ਜੋ ਲੋਕਾਂ ਦੇ ਜੀਵਨ ਵਿੱਚ ਤਬਦੀਲੀ ਲਿਆਂਦੀ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਵਾਟਰ ਸਪੋਰਟਸ ਨੂੰ ਉਤਸ਼ਾਹਿਤ ਕਰਨ ਲਈ 'ਵਾਟਰ ਐਡਵੈਂਚਰ ਟੂਰਿਜ਼ਮ ਨੀਤੀ' ਨੂੰ ਪਹਿਲਾਂ ਹੀ ਹਰੀ ਝੰਡੀ ਦੇ ਦਿੱਤੀ ਹੈ ਜਿਸ ਨੂੰ ਇੱਥੇ ਵੀ ਲਾਗੂ ਕੀਤਾ ਜਾਵੇਗਾ। ਭਗਵੰਤ ਮਾਨ ਨੇ ਆਸ ਪ੍ਰਗਟਾਈ ਕਿ ਉਹ ਦਿਨ ਦੂਰ ਨਹੀਂ ਜਦੋਂ ਬੁਨਿਆਦੀ ਢਾਂਚੇ ਨੂੰ ਉੱਨਤ ਕਰਨ ਤੋਂ ਬਾਅਦ ਇਹ ਖੇਤਰ ਦੇਸ਼ ਭਰ ਦੇ ਸੈਲਾਨੀਆਂ ਦਾ ਕੇਂਦਰ ਬਣ ਜਾਵੇਗਾ। ਉਨਾਂ ਕਿਹਾ ਕਿ ਇਹ ਖੇਤਰ ਪੰਜਾਬ ਨੂੰ ਅੰਤਰਰਾਸ਼ਟਰੀ ਸੈਰ ਸਪਾਟੇ ਦੇ ਨਕਸ਼ੇ 'ਤੇ ਹੋਰ ਉਭਾਰਨ ਲਈ ਅਹਿਮ ਭੂਮਿਕਾ ਨਿਭਾ ਸਕਦਾ ਹੈ।


ਇਸ ਤੋਂ ਪਹਿਲੋਂ ਮੁੱਖ ਮੰਤਰੀ ਨੇ ਰਣਜੀਤ ਸਾਗਰ ਡੈਮ ਦਾ ਵੀ ਦੌਰਾ ਕੀਤਾ ਅਤੇ ਡੈਮ ਦੀ ਉਸਾਰੀ ਦੌਰਾਨ ਜਾਨਾਂ ਗਵਾਉਣ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨਾਂ ਸ਼ਾਹਪੁਰ ਕੰਢੀ ਬੈਰੇਜ ਪ੍ਰਾਜੈਕਟ ਵਾਲੀ ਥਾਂ ਦਾ ਨਿਰੀਖਣ ਵੀ ਕੀਤਾ ਅਤੇ ਚੱਲ ਰਹੇ ਕੰਮ ਦਾ ਜਾਇਜ਼ਾ ਲਿਆ।



# ਸ੍ਰੀ ਦਰਬਾਰ ਸਾਹਿਬ ਨੇੜੇ ਬਲਾਸਟ ਮਾਮਲੇ ਵਿਚ ਮੁਲਜ਼ਮਾਂ ਦਾ 4 ਦਿਨ ਦਾ ਹੋਰ ਰਿਮਾਂਡ ਵਧਿਆ

ਚੰਡੀਗੜ੍ਹ, 18 ਮਈ (ਪੋਸਟ ਬਿਊਰੋ): ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਪਿਛਲੇ 6 ਦਿਨਾਂ ਵਿੱਚ ਹੋਏ ਧਮਾਕਿਆਂ ਦੇ ਮਾਮਲੇ ਵਿੱਚ 5 ਮੁਲਜ਼ਮਾਂ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਅੰਮ੍ਰਿਤਸਰ ਦੀ ਮਾਣਯੋਗ ਅਦਾਲਤ ਨੇ ਪੁਲਿਸ ਨੂੰ ਇਨ੍ਹਾਂ ਮੁਲਜ਼ਮਾਂ ਦਾ 18 ਮਈ ਤੱਕ ਦਾ ਰਿਮਾਂਡ ਦਿੱਤਾ ਸੀ, ਅੱਜ ਰਿਮਾਂਡ ਖਤਮ ਹੋਣ ਤੋਂ ਬਾਅਦ ਅਦਾਲਤ ਨੇ ਇੱਕ ਵਾਰ ਫਿਰ ਇਨ੍ਹਾਂ ਮੁਲਜ਼ਮਾਂ ਦੇ ਪੁਲਿਸ ਰਿਮਾਂਡ ਵਿੱਚ ਚਾਰ ਦਿਨ ਦਾ ਵਾਧਾ ਕੀਤਾ ਹੈ।

ਜ਼ਿਕਰਯੋਗ ਹੈ ਕਿ ਸੱਚਖੰਡ ਸ੍ਰੀ ਦਰਬਾਰ ਸਾਹਿਬ ਨੂੰ ਜਾਣ ਵਾਲੇ ਵਿਰਾਸਤੀ ਮਾਰਗ ਤੇ ਪਿਛਲੇ ਛੇ ਦਿਨਾਂ ਤੋਂ 2 ਧਮਾਕੇ ਕੀਤੇ ਗਏ ਸਨ ਜਿਸ ਤੋਂ ਬਾਅਦ ਇਕ ਹੋਰ ਧਮਾਕਾ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਨਜ਼ਦੀਕ ਬਣੀ ਸ੍ਰੀ ਗੁਰੂ ਰਾਮਦਾਸ ਸਰਾਂ ਦੇ ਪਿਛਲੇ ਪਾਸੇ ਕੀਤਾ ਗਿਆ ਸੀ ਜਿਸ ਤੋਂ ਬਾਅਦ ਪੰਜਾਬ ਪੁਲਿਸ ਅਤੇ ਟਾਸਕ ਫੋਰਸ ਵੱਲੋਂ ਮਿਲ ਕੇ ਇਹਨਾ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ।



# ਕੁਲਦੀਪ ਸਿੰਘ ਧਾਲੀਵਾਲ ਵੱਲੋਂ 10 ਜੂਨ ਤੱਕ ਸਾਰੀਆਂ ਸਰਕਾਰੀ ਪੰਚਾਇਤੀ ਜ਼ਮੀਨਾਂ ਤੋਂ ਕਬਜ਼ੇ ਛੁਡਵਾਉਣ ਦੇ ਹੁਕਮ

ਚੰਡੀਗੜ੍ਹ, 18 ਮਈ: ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਸੂਬੇ ਦੇ ਸਮੂਹ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰਾਂ (ਡੀਡੀਪੀਓ) ਨੂੰ ਹਦਾਇਤ ਕੀਤੀ ਹੈ ਕਿ ਸੂਬੇ ਭਰ ਵਿਚ ਸਰਕਾਰੀ ਪੰਚਾਇਤੀ ਜ਼ਮੀਨਾਂ 'ਤੇ ਹੋਏ ਨਾਜਾਇਜ਼ ਕਬਜ਼ਿਆਂ ਨੂੰ 10 ਜੂਨ ਤੱਕ ਛੁਡਾਇਆ ਜਾਵੇ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਪਹਿਲੇ ਪੜਾਅ ਦੌਰਾਨ 9400 ਏਕੜ ਦੇ ਕਰੀਬ ਸਰਕਾਰੀ ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ਾ ਛੁਡਵਾਇਆ ਜਾ ਚੁੱਕਾ ਹੈ ਅਤੇ ਇਸ ਵਿਚ ਮੌਜੂਦਾ ਸਾਲ ਹੋਰ ਤੇਜ਼ੀ ਲਿਆਂਦੀ ਜਾਵੇ।

ਧਾਲੀਵਾਲ ਨੇ ਕਿਹਾ ਕਿ ਅਦਾਲਤ ਵੱਲੋਂ ਸਟੇਅ ਲਾਈਆਂ ਜ਼ਮੀਨਾਂ ਤੋਂ ਇਲਾਵਾ ਜਿਹੜੀਆਂ ਜ਼ਮੀਨਾਂ 'ਤੇ ਹਾਲੇ ਤੱਕ ਨਾਜਾਇਜ਼ ਕਾਬਜ਼ਕਾਰ ਬੈਠੇ ਹਨ, ਉਨ੍ਹਾਂ ਤੋਂ ਕਬਜ਼ਾ ਹਰ ਹਾਲ 10 ਜੂਨ ਤੱਕ ਲਿਆ ਜਾਵੇ। ਕਾਬਿਲੇਗੌਰ ਹੈ ਕਿ ਦੂਜੇ ਪੜਾਅ ਵਿਚ ਹੁਣ ਤੱਕ 469 ਏਕੜ ਹੋਰ ਸਰਕਾਰੀ ਪੰਚਾਇਤੀ ਜ਼ਮੀਨਾਂ ਨਾਜਾਇਜ਼ ਕਾਬਜ਼ਕਾਰਾਂ ਤੋਂ ਛੁਡਵਾਈਆ ਜਾ ਚੁੱਕੀਆਂ ਹਨ।

ਸਥਾਨਕ ਪੰਜਾਬ ਭਵਨ ਵਿਖੇ ਸੂਬੇ ਦੇ ਸਮੂਹ ਡੀਡੀਪੀਓਜ਼ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਸਾਫ ਹਦਾਇਤਾਂ ਹਨ ਕਿ ਲੋਕਾਂ ਨੂੰ ਪਾਰਦਰਸ਼ੀ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸ਼ਨ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਇਸੇ ਸੋਚ ਤਹਿਤ ਕਿਸੇ ਵੀ ਸ਼ਾਮਲਾਤ ਜ਼ਮੀਨ ਦੀ ਬੋਲੀ ਦੌਰਾਨ ਕਿਸੇ ਰਸੂਖਦਾਰ ਵਿਅਕਤੀ ਜਾਂ ਸਿਆਸੀ ਆਗੂ ਦੀ ਕੋਈ ਸਿਫਾਰਸ਼ ਨਾ ਮੰਨੀ ਜਾਵੇ। ਹਰੇਕ ਜ਼ਮੀਨ ਦੀ ਬੋਲੀ ਪਾਰਦਰਸ਼ੀ ਤਰੀਕੇ ਅਤੇ ਬਿਨਾਂ ਕਿਸੇ ਸਿਫਾਰਸ਼ ਦੇ ਕਰਵਾਈ ਜਾਵੇ।

### 1 ਜੁਲਾਈ ਤੋਂ ਸ਼ਾਮਲਾਤ ਜ਼ਮੀਨਾਂ 'ਚ ਜੰਗਲਾਤ ਲਾਉਣ ਦੀ ਹੋਵੇਗੀ ਸ਼ੁਰੂਆਤ

ਉਨ੍ਹਾਂ ਕਿਹਾ ਕਿ ਸ਼ਾਮਲਾਤ ਜ਼ਮੀਨਾਂ ਦੀ ਬੋਲੀ ਲਈ ਹੁਣ ਘੱਟੋਂ-ਘੱਟ 15 ਹਜ਼ਾਰ ਰੁਪਏ ਦੀ ਰਕਮ ਮਿੱਥੀ ਜਾਵੇਗੀ ਅਤੇ ਸਫਲ ਬੋਲੀਕਾਰ ਕੋਲੋਂ ਜ਼ਮੀਨ ਦਾ ਠੇਕਾ ਨਗਦ ਭਰਵਾਇਆ ਜਾਵੇਗਾ। ਉਨ੍ਹਾਂ ਇਸ ਗੱਲ ਦਾ ਗੰਭੀਰ ਨੋਟਿਸ ਲਿਆ ਕਿ ਸੂਬੇ ਵਿਚ ਬਹੁਤ ਸਾਰੀਆਂ ਸ਼ਾਮਲਾਤ ਜ਼ਮੀਨਾਂ ਨਿਗੂਣੇ ਜਿਹੇ ਠੇਕੇ 'ਤੇ ਦੇ ਦਿੱਤੀਆਂ ਜਾਂਦੀਆਂ ਹਨ, ਜਿਸ ਸਦਕਾ ਸਰਕਾਰੀ ਖਜ਼ਾਨੇ ਨੂੰ ਭਾਰੀ ਨੁਕਸਾਨ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜਿਹੜੀਆਂ ਜ਼ਮੀਨਾਂ ਕਿਸੇ ਕਾਰਣ ਠੇਕੇ ਉੱਤੇ ਨਾ ਚੜ੍ਹ ਸਕੀਆਂ, ਉਨ੍ਹਾਂ ਥਾਂਵਾਂ 'ਤੇ ਜੰਗਲ ਵਿਕਸਿਤ ਕੀਤੇ ਜਾਣਗੇ ਅਤੇ ਅਜਿਹੀਆਂ ਸਾਰੀਆਂ ਜ਼ਮੀਨਾਂ 'ਤੇ 1 ਜੁਲਾਈ ਤੋਂ ਜੰਗਲ ਲਾਉਣ ਦੀ ਸ਼ੁਰੂਆਤ ਕੀਤੀ ਜਾਵੇਗੀ। ਧਾਲੀਵਾਲ ਨੇ ਕਿਹਾ ਕਿ ਇਹ ਫੈਸਲਾ ਇਸ ਕਰਕੇ ਲਿਆ ਗਿਆ ਹੈ ਕਿਉਂ ਕਿ ਇਸ ਨਾਲ ਇਕ ਤਾਂ ਮਗਨਰੇਗਾ ਤਹਿਤ ਕੰਮ ਕਰਨ ਵਾਲੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ ਅਤੇ ਦੂਜਾ ਇਹ ਵਾਤਾਵਰਣ ਦੀ ਸ਼ੁੱਧਤਾ ਵਿਚ ਸਹਾਈ ਹੋਵੇਗਾ।



ਸਮੂਹ ਡੀਡੀਪੀਓਜ਼ ਨੂੰ ਹਦਾਇਤ ਦਿੰਦਿਆਂ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਦੇ ਕਿਸੇ ਵੀ ਇਲਾਕੇ ਵਿਚ ਕੱਟੀਆਂ ਕਾਲੋਨੀਆਂ ਵਿਚ ਜੋ ਸਰਕਾਰੀ ਰਸਤੇ ਜਾਂ ਖਾਲ ਆਏ ਹਨ, ਉਨ੍ਹਾਂ ਦੇ ਪੈਸੇ ਸਬੰਧਤ ਕਾਲੋਨੀ ਮਾਲਕਾਂ ਜਾਂ ਜੋ ਵੀ ਇਸ ਦਾ ਦੇਣਦਾਰ ਹੈ, ਉਸ ਤੋਂ ਹਰ ਹਾਲ 20 ਜੂਨ ਤੱਕ ਭਰਵਾਏ ਜਾਣ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਅਣਗਹਿਲੀ ਕਰਨ ਵਾਲੇ ਅਧਿਕਾਰੀ 'ਤੇ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

ਇਸ ਮੌਕੇ ਧਾਲੀਵਾਲ ਨੇ ਡੀਡੀਪੀਓਜ਼ ਨੂੰ ਰੈਵੇਨਿਊ ਟ੍ਰੇਨਿੰਗ ਦਿਵਾਏ ਜਾਣ ਦੀ ਵਕਾਲਤ ਵੀ ਕੀਤੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰਾਂ ਦਾ ਸਿੱਧਾ ਵਾਸਤਾ ਜ਼ਮੀਨੀ ਮਾਮਲਿਆਂ ਨਾਲ ਪੈਂਦਾ ਹੈ, ਇਸ ਲਈ ਉਨ੍ਹਾਂ ਨੂੰ ਮਾਲ ਵਿਭਾਗ ਦੇ ਬੁਨਿਆਦੀ ਕੰਮਕਾਜ ਬਾਬਤ ਵੀ ਪਤਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਮੂਹ ਡੀਡੀਪੀਓਜ਼ ਦੀ ਜਲਦ ਰੈਵੇਨਿਊ ਟ੍ਰੇਨਿੰਗ ਕਰਵਾਈ ਜਾਵੇ ਤਾਂ ਜੋ ਵਿਭਾਗ ਦਾ ਕੰਮ ਹੋਰ ਸੁਚਾਰੂ ਤਰੀਕੇ ਨਾਲ ਚੱਲ ਸਕੇ।

ਧਾਲੀਵਾਲ ਨੇ ਸਮੂਹ ਡੀਡੀਪੀਓਜ਼ ਨੂੰ ਪੰਜਾਬ ਦੀ ਤਰੱਕੀ ਅਤੇ ਲੋਕਾਂ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ ਤਾਂ ਜੋ ਸੂਬੇ ਨੂੰ 'ਰੰਗਲਾ ਪੰਜਾਬ' ਬਣਾਇਆ ਜਾ ਸਕੇ। ਮੀਟਿੰਗ ਵਿਚ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਕੇ. ਸਿਵਾ ਪ੍ਰਸਾਦ, ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ ਅਤੇ ਵਿਭਾਗ ਦੇ ਹੋਰ ਉੱਚ ਅਧਿਕਾਰੀ ਹਾਜ਼ਰ ਸਨ।

# ਢਿੱਲਵਾਂ ਨੇ 1 ਲੱਖ ਰਪੁਏ ਦੀ ਲਾਗਤ ਨਾਲ ਆਰ.ਓ. ਲਗਾਉਣ ਦੇ ਦਿੱਤੇ ਨਿਰਦੇਸ਼



ਫਰੀਦਕੋਟ, 18 ਮਈ (ਗਿਆਨ ਸਿੰਘ): ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਕਮੇਟੀ ਦੇ ਚੇਅਰਮੈਨ ਸੁਖਜੀਤ ਸਿੰਘ ਢਿੱਲਵਾਂ ਨੇ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਦਾ ਦੌਰਾ ਕਰਦੇ ਹੋਏ ਪੀਣ ਵਾਲੇ ਪਾਣੀ ਦੇ ਲਈ 1 ਲੱਖ ਰੁਪਏ ਦੀ ਲਾਗਤ ਦੇ ਨਾਲ ਆਰ.ਓ ਲਗਾਉਣ ਸਬੰਧੀ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਕਿਹਾ ਕਿ ਪੀਣ ਵਾਲੇ ਪਾਣੀ ਦੀ ਸਮੱਸਿਆਂ ਨੂੰ ਦੇਖਦੇ ਹੋਏ ਆਰ.ਓ ਲਗਾਉਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਇਹ ਵੇਖਣ ਦੇ ਵਿੱਚ ਆਇਆ ਹੈ ਕਿ ਲੇਡੀਜ਼ ਬਾਥਰੂਮ ਬੰਦ ਹੋਣ ਕਾਰਨ ਮਹਿਲਾ ਕਰਮਚਾਰੀਆਂ ਨੂੰ ਬਹੁਤ ਸਮੱਸਿਆਵਾਂ ਆਉਂਦੀਆਂ ਸਨ। ਇਸ ਲਈ ਇਸ ਬਾਥਰੂਮ ਨੂੰ ਖੋਲ੍ਹ ਅਤੇ ਬਕਾਇਦਾ ਤੌਰ ਤੇ ਸਾਫ ਸਫਾਈ ਰੱਖਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਭਵਿੱਖ ਦੇ ਵਿੱਚ ਜੇਕਰ ਉਨ੍ਹਾਂ ਦੇ ਧਿਆਨ ਵਿੱਚ ਕੋਈ ਸਮੱਸਿਆ ਆਉਂਦੀ ਹੈ ਤਾਂ ਤੁਰੰਤ ਹੱਲ ਕਰ ਦਿੱਤੀ ਜਾਵੇਗੀ। ਇਸ ਮੌਕੇ ਜਸਵੀਰ ਸਿਘ, ਸੰਦੀਪ ਸਿੰਘ ਵੀ ਹਾਜ਼ਰ ਸਨ।

# ਪੰਜਾਬ ਨੈਸ਼ਨਲ ਬੈਂਕ ਦੇ ਏ.ਟੀ.ਐੱਮ. 'ਚੋਂ ਪੈਸੇ ਕਢਵਾਉਣ ਆਏ ਵਿਅਕਤੀ ਨਾਲ 80 ਹਜ਼ਾਰ ਦੀ ਠੱਗੀ ਹੋਈ

ਸਮਰਾਲਾ, 18 ਮਈ (ਪੋਸਟ ਬਿਊਰੋ): ਅੱਜ ਪੰਜਾਬ ਨੈਸ਼ਨਲ ਬੈਂਕ ਦੇ ਏ.ਟੀ.ਐੱਮ. ਵਿਚੋਂ ਪੈਸੇ ਕਢਵਾਉਣ ਲਈ ਆਏ ਇੱਕ ਵਿਅਕਤੀ ਨਾਲ ਇਨ੍ਹਾਂ ਨੌਸਰਵਾਜਾਂ ਵੱਲੋਂ ਬੜੀ ਹੀ ਚਾਲਾਕੀ ਨਾਲ ਉਸ ਦਾ ਕਾਰਡ ਬਦਲ ਕੇ ਠੱਗੀ ਮਾਰ ਲਈ ਗਈ। ਜਦੋਂ ਤੱਕ ਇਸ ਵਿਅਕਤੀ ਨੂੰ ਉਸ ਦਾ ਏ.ਟੀ.ਐੱਮ. ਕਾਰਡ ਬਦਲੇ ਜਾਣ ਦਾ ਪਤਾ ਲੱਗਿਆ, ਉਦੋਂ ਤੱਕ ਉਸ ਦੇ ਬੈਂਕ ਖਾਤੇ ਵਿਚੋਂ 80 ਹਜ਼ਾਰ ਰੁਪਏ ਦੀ ਰਕਮ ਉੱਡ ਚੁੱਕੀ ਸੀ।

ਸਮਰਾਲਾ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਨੇੜਲੇ ਪਿੰਡ ਦਿਆਲਪੁਰਾ ਨਿਵਾਸੀ ਜੁਆਲਾ ਸਿੰਘ ਨੇ ਦੱਸਿਆ ਕਿ ਉਹ ਅੱਜ ਸਵੇਰੇ ਆਪਣੀ ਛੋਟੀ ਭੈਣ ਨਾਲ ਬੈਂਕ ਦੇ ਏ.ਟੀ.ਐੱਮ. ਵਿੱਚੋਂ ਆਪਣੀ ਭੈਣ ਦੇ 5 ਹਜ਼ਾਰ ਰੁਪਏ ਕਢਵਾਉਣ ਲਈ ਆਇਆ ਸੀ। ਏ.ਟੀ.ਐੱਮ. ਵਿੱਚੋਂ ਪੈਸੇ ਕਢਵਾਉਣ ਵੇਲੇ ਇੱਕ ਅਣਜਾਣ ਲੜਕਾ ਵੀ ਉੱਥੇ ਆ ਗਿਆ ਅਤੇ ਜਦੋਂ ਰਕਮ ਨਿਕਾਸੀ ਤੋਂ ਬਾਅਦ ਉਸ ਦੀ ਰਸੀਦ ਨਹੀਂ ਨਿਕਲੀ ਤਾਂ ਇਸ ਲੜਕੇ ਨੇ ਉਸ ਨੂੰ ਆਪਣੀਆਂ ਗੱਲਾਂ ਵਿਚ ਉਲਝਾ ਲਿਆ।

ਇੰਨੇ ਵਿਚ ਹੀ ਇਸ ਠੱਗ ਦੇ ਦੋ ਹੋਰ ਸਾਥੀ ਵੀ ਏ.ਟੀ.ਐੱਮ. ਵਿਚ ਆ ਗਏ ਅਤੇ ਬਹੁਤ ਹੀ ਚਲਾਕੀ ਨਾਲ ਉਸ ਦਾ ਏ.ਟੀ.ਐੱਮ. ਕਾਰਡ ਬਦਲ ਕੇ ਲੈ ਗਏ ਅਤੇ ਉਸ ਨੂੰ ਜਦੋਂ ਕੁਝ ਸ਼ੱਕ ਹੋਇਆ ਤਾਂ ਜਿਹੜਾ ਕਾਰਡ ਉਸ ਨੂੰ ਇਹ ਠੱਗ ਦੇ ਕੇ ਗਏ ਉਹ ਪਹਿਲਾ ਤੋਂ ਹੀ ਬਲਾਕ ਕੀਤਾ ਹੋਇਆ ਸੀ। ਕੁਝ ਦੇਰ ਬਾਅਦ ਹੀ ਉਸ ਦੀ ਭੈਣ ਜਿਸ ਦਾ ਇਹ ਬੈਂਕ ਖਾਤਾ ਸੀ, ਉਸਨੂੰ ਨੂੰ ਵਾਰ-ਵਾਰ ਪੈਸੇ ਨਿਕਲਣ ਦੇ ਮੈਸੇਜ ਆਉਣੇ ਸ਼ੁਰੂ ਹੋ ਗਏ ਅਤੇ ਤਿੰਨ ਵਾਰ ਵਿਚ ਠੱਗਾਂ ਨੇ ਖਾਤੇ ਵਿਚੋਂ 80 ਹਜਾਰ ਰੁਪਏ ਦੀ ਰਕਮ ਉੱਡਾ ਲਈ। ਜੁਆਲਾ ਸਿੰਘ ਨੇ ਦੋਸ਼ ਲਗਾਇਆ ਕਿ, ਏ.ਟੀ.ਐੱਮ. ਕਾਰਡ ਬਦਲੇ ਜਾਣ ਦਾ ਸ਼ੱਕ ਹੁੰਦੇ ਹੀ ਉਸ ਨੇ ਤੁਰੰਤ ਬੈਂਕ ਅੰਦਰ ਜਾ ਕੇ ਏ.ਟੀ.ਐੱਮ. ਕਾਰਡ ਬਲਾਕ ਕਰਨ ਦਾ ਬਥੇਰਾ ਰੌਲਾ ਪਾਇਆ, ਪਰ ਕੋਈ

# ਹਰੇਕ ਬੱਚੇ ਨੂੰ ਵਿਕਾਸ ਲਈ ਦੇਖਭਾਲ ਅਤੇ ਸਹੀ ਵਾਤਾਵਰਨ ਦੀ ਲੋੜ ਹੁੰਦੀ ਹੈ : ਡਾ. ਬਲਜੀਤ ਕੌਰ

### ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਵੱਲੋਂ ਈ.ਸੀ.ਸੀ.ਈ. ਕੌਂਸਲ ਦੀ ਮੀਟਿੰਗ ਦੀ ਪ੍ਰਧਾਨਗੀ

ਚੰਡੀਗੜ੍ਹ, 18 ਮਈ (ਪੋਸਟ ਬਿਊਰੋ): ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦੀ ਪ੍ਰਧਾਨਗੀ ਹੇਠ ਅੱਜ ਅਰਲੀ ਚਾਈਲਡਹੁੱਡ ਕੇਅਰ ਐਂਡ ਐਜੂਕੇਸ਼ਨ (ਈ.ਸੀ.ਸੀ.ਈ.) ਕੌਂਸਲ ਦੀ ਹੋਈ ਅਹਿਮ ਮੀਟਿੰਗ ਵਿੱਚ ਬੱਚਿਆਂ ਲਈ ਪਲੇ ਵੇਅ ਸਕੂਲਾਂ ਦੀ ਰਜਿਸਟ੍ਰੇਸ਼ਨ ਨੂੰ ਨਿਯਮਤ ਕਰਨ ਲਈ ਇੱਕ ਪੋਰਟਲ ਤਿਆਰ ਕਰਨ ਦੇ ਨਾਲ-ਨਾਲ ਸੂਬੇ ਵਿੱਚ ਈ.ਸੀ.ਸੀ.ਈ. ਨੀਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਬਾਰੇ ਸਲਾਹ ਦੇਣ ਲਈ ਇੱਕ ਤਕਨੀਕੀ ਭਾਈਵਾਲ ਨੂੰ ਨਿਯੁਕਤ ਕਰਨ ਲਈ ਰਾਹ ਪੱਧਰਾ ਕੀਤਾ ਗਿਆ।

ਕੌਂਸਲ ਨੇ ਪਲੇ ਵੇਅ ਸਕੂਲਾਂ ਦੀ ਰਜਿਸਟ੍ਰੇਸ਼ਨ ਲਈ ਅਰਜੀ ਫ਼ੀਸ 5000 ਰੁਪਏ ਨਿਰਧਾਰਤ ਕੀਤੀ ਹੈ ਅਤੇ ਇਸ ਤਰ੍ਹਾਂ ਜਮ੍ਹਾਂ ਕਰਵਾਈ ਗਈ ਫੀਸ ਦੀ ਰਕਮ ਸੂਬੇ ਦੇ ਖਜ਼ਾਨੇ ਵਿੱਚ ਜਮ੍ਹਾਂ ਕਰਵਾਈ ਜਾਵੇਗੀ।

ਆਂਗਣਵਾੜੀ ਕੇਂਦਰਾਂ ਨੂੰ ਪਲੇ ਵੇਅ ਸਕੂਲਾਂ ਵਿੱਚ ਤਬਦੀਲ ਕਰਨ ਲਈ ਗੈਰ-ਸਰਕਾਰੀ ਸੰਸਥਾ ਪ੍ਰਥਮ ਦੀ ਮਦਦ ਨਾਲ, ਉਪਰੋਕਤ ਸੰਸਥਾ ਅਤੇ ਮੀਰਾਖੀ ਫਾਊਂਡੇਸ਼ਨ ਨਾਲ ਗੈਰ-ਵਿੱਤੀ ਕਿਸਮ ਦਾ ਇੱਕ ਸਮਝੌਤਾ ਸਹੀਬੱਧ ਕੀਤਾ ਜਾਵੇਗਾ। ਇਹ ਸਮਝੌਤਾ 2000 ਆਂਗਣਵਾੜੀ ਕੇਂਦਰਾਂ ਨੂੰ ਪਲੇ ਵੇਅ ਸਕੂਲਾਂ ਵਿੱਚ ਵਿਕਸਤ ਕਰਨ ਤੋਂ ਇਲਾਵਾ ਪਲੇ ਵੇਅ ਸਕੂਲਾਂ ਅਤੇ ਹੋਰ ਈਸੀਸੀਈ ਅਦਾਰਿਆਂ ਦੀ ਰਜਿਸਟ੍ਰੇਸ਼ਨ ਬਾਰੇ ਸਲਾਹ ਮਸ਼ਵਰਾ ਦੇਵੇਗਾ।



ਈ.ਸੀ.ਸੀ.ਈ. ਕਾਉਂਸਿਲ ਦੁਆਰਾ ਈ.ਸੀ.ਸੀ.ਈ. ਪਾਠਕ੍ਰਮ ਨੂੰ ਸਹੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਆਂਗਣਵਾੜੀ ਵਰਕਰਾਂ ਲਈ ਇੱਕ ਸਿਖਲਾਈ ਕੈਲੰਡਰ ਤਿਆਰ ਕਰਨ ਲਈ ਰਾਜ ਸਿੱਖਿਆ, ਖੋਜ ਅਤੇ ਸਿਖਲਾਈ ਪ੍ਰੀਸ਼ਦ (ਐਸ.ਸੀ.ਈ.ਆਰ.ਟੀ.) ਨੂੰ ਨਿਰਦੇਸ਼ ਦੇਣ ਲਈ ਵਿਚਾਰ-ਵਟਾਂਦਰਾ ਕੀਤਾ ਗਿਆ।

ਕੌਂਸਲ ਨੇ ਨਵੀਂ ਸਿੱਖਿਆ ਨੀਤੀ, 2020 ਦੇ ਮੱਦੇਨਜ਼ਰ ਰਾਜ ਦੀ ਈਸੀਸੀਈ ਨੀਤੀ ਵਿੱਚ ਲੋੜੀਂਦੀਆਂ ਤਬਦੀਲੀਆਂ ਕਰਨ ਲਈ ਸਿੱਖਿਆ ਵਿਭਾਗ ਅਤੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੀ ਇੱਕ ਸਾਂਝੀ ਕਮੇਟੀ ਬਣਾਉਣ ਲਈ ਵੀ ਸਹਿਮਤੀ ਦੇ ਦਿੱਤੀ ਹੈ। ਲੋੜੀਂਦੀਆਂ ਸੋਧਾਂ ਕਰਨ ਉਪਰੰਤ ਅਪਡੇਟ ਨੀਤੀ 31 ਜੁਲਾਈ, 2023 ਤੱਕ ਤਿਆਰ ਕੀਤੀ ਜਾਣੀ ਹੈ।

ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ 0-6 ਸਾਲ ਦਾ ਸਮਾਂ ਹਰੇਕ ਬੱਚੇ ਲਈ ਬਹੁਤ ਮਹੱਤਵਪੂਰਨ ਹੁੰਦਾ ਹੈ ਜਦੋਂ ਉਸ ਨੂੰ ਸਰੀਰਕ, ਭਾਵਨਾਤਮਕ, ਮਨੋਵਿਗਿਆਨਕ ਅਤੇ ਸਮਾਜਿਕ ਸਹਾਇਤਾ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ ਕਿਉਂਕਿ ਇਹ ਉਨ੍ਹਾਂ ਦੇ ਭਵਿੱਖ ਦੀ ਨੀਂਹ ਰੱਖਦਾ ਹੈ। ਇਸ ਸੰਦਰਭ ਵਿੱਚ, ਈ.ਸੀ.ਸੀ.ਈ. ਇੱਕ ਸੁਰੱਖਿਆਤਮਕ ਵਾਤਾਵਰਣ ਵਿੱਚ ਸਿਹਤ ਸੰਭਾਲ, ਪੋਸ਼ਣ, ਪਲੇ ਵੇਅ ਅਤੇ ਸ਼ੁਰੂਆਤੀ ਸਿੱਖਣ ਦੇ ਪਹਿਲੂਆਂ 'ਤੇ ਜ਼ੋਰ ਦਿੰਦਾ ਹੈ ਜੋ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਬੇਹੱਦ ਲਾਹੇਵੰਦ ਹੈ।



# ਹਿੰਦ ਮਹਾਸਾਗਰ 'ਚ ਚੀਨੀ ਜਹਾਜ਼ ਨਾਲ ਡੁੱਬੇ 39 ਜਣੇ, ਭਾਰਤੀ ਜਲ ਸੈਨਾ ਕਰ ਰਹੀ ਮਦਦ

ਨਵੀਂ ਦਿੱਲੀ, 18 ਮਈ (ਪੋਸਟ ਬਿਊਰੋ): ਚੀਨ ਦੀ ਬੇਨਤੀ 'ਤੇ ਭਾਰਤ ਨੇ ਇਕ ਵਾਰ ਫਿਰ ਉਦਾਰਤਾ ਦਿਖਾਈ ਹੈ। ਭਾਰਤੀ ਜਲ ਸੈਨਾ ਨੇ ਚੀਨੀ ਨਾਗਰਿਕਾਂ ਨੂੰ ਬਚਾਉਣ ਲਈ ਸਮੁੰਦਰ ਵਿੱਚ ਵੱਡਾ ਅਭਿਆਨ ਚਲਾਇਆ ਹੈ। ਜਾਣਕਾਰੀ ਮੁਤਾਬਕ ਦੋ ਦਿਨ ਪਹਿਲਾਂ ਚੀਨ ਦਾ ਮੱਛੀ ਫੜਨ ਵਾਲਾ ਜਹਾਜ਼ ਲੂ ਪੇਂਗ ਯੂਆਨ ਯੂ 028 ਹਿੰਦ ਮਹਾਸਾਗਰ ਵਿੱਚ ਡੁੱਬ ਗਿਆ ਸੀ। ਇਸ ਜਹਾਜ਼ ਵਿਚ 39 ਲੋਕ ਸਵਾਰ ਸਨ। ਚੀਨ ਨੇ ਬਹੁਤ ਕੋਸ਼ਿਸ਼ਾਂ ਕੀਤੀਆਂ ਪਰ ਆਪਣੇ ਨਾਗਰਿਕਾਂ ਨੂੰ ਨਹੀਂ ਲੱਭ ਸਕਿਆ। ਜਿਸ ਤੋਂ ਬਾਅਦ ਉਸ ਨੇ ਭਾਰਤੀ ਜਲ ਸੈਨਾ ਤੋਂ ਮਦਦ ਮੰਗੀ। ਚੀਨ ਦੀ ਬੇਨਤੀ 'ਤੇ, ਭਾਰਤ ਨੇ ਬੁੱਧਵਾਰ ਨੂੰ ਤੁਰੰਤ ਮਨੁੱਖੀ



ਕਾਰਵਾਈ ਕਰਦੇ ਹੋਏ ਆਪਣੇ ਜਹਾਜ਼ ਪੀ8ਆਈ ਨੂੰ ਤਾਇਨਾਤ ਕੀਤਾ ਹੈ।

ਜਲ ਸੈਨਾ ਨੇ ਕਿਹਾ, ਪ੍ਰਤੀਕੂਲ ਮੌਸਮ ਦੇ ਬਾਵਜੂਦ, ਜਹਾਜ਼ ਨੇ ਇੱਕ ਗਹਿਰਾਈ ਨਾਲ ਤਲਾਸ਼ੀ ਮੁਹਿੰਮ ਚਲਾਈ ਅਤੇ ਜਹਾਜ਼ ਨਾਲ ਸਬੰਧਤ ਕਈ ਚੀਜ਼ਾਂ ਨੂੰ ਲੱਭ ਲਿਆ। ਤੁਰੰਤ ਮਾਨਵਤਾਵਾਦੀ ਕਾਰਵਾਈ ਦੇ ਹਿੱਸੇ ਵਜੋਂ, ਜਹਾਜ਼ ਨੇ ਭਾਰਤ ਤੋਂ ਲਗਭਗ 900 ਸਮੁੰਦਰੀ ਮੀਲ ਦੂਰ ਦੱਖਣੀ ਹਿੰਦ ਮਹਾਸਾਗਰ ਖੇਤਰ ਵਿੱਚ ਖੋਜਾਂ ਕੀਤੀਆਂ। ਇਸ ਜਹਾਜ਼ ਵਿਚ 17 ਚੀਨੀ, 17 ਇੰਡੋਨੇਸ਼ੀਆਈ ਅਤੇ 5 ਫਿਲੀਪੀਨਜ਼ ਕਰੂ ਮੈਂਬਰ ਸਨ। ਅਜੇ ਤੱਕ ਇਨ੍ਹਾਂ ਵਿੱਚੋਂ ਕੋਈ ਵੀ ਨਹੀਂ ਮਿਲਿਆ ਹੈ। ਚੀਨ ਡੁੱਬੇ ਜਹਾਜ਼ ਦੀ ਸਹੀ ਸਥਿਤੀ ਦੱਸਣ ਵਿਚ ਵੀ ਸਫਲ ਨਹੀਂ ਹੋ ਸਕਿਆ, ਪਰ ਭਾਰਤੀ ਜਲ ਸੈਨਾ ਨੇ ਸਫਲਤਾਪੂਰਵਕ ਇਸ ਦਾ ਪਤਾ ਲਗਾ ਲਿਆ। ਚੀਨ ਨੇ ਆਪਣੇ ਜਹਾਜ਼ ਨੂੰ ਲੱਭਣ ਲਈ ਦੋ ਜਹਾਜ਼ ਤਾਇਨਾਤ ਕੀਤੇ ਹਨ। ਜਲ ਸੈਨਾ ਦੇ ਜਹਾਜ਼ ਉਨ੍ਹਾਂ ਦੀ ਅਗਵਾਈ ਕਰ ਰਹੇ ਹਨ। ਪੀ8ਆਈ ਨੇ ਡੁੱਬੇ ਵਿਅਕਤੀਆਂ ਦੇ ਸਮਾਨ ਦੀ ਤਲਾਸ਼ੀ ਲਈ ਹੈ। ਨਾਲ ਹੀ, ਚੀਨ ਦੀ ਬੇਨਤੀ 'ਤੇ ਭਾਰਤੀ ਜਹਾਜ਼ਾਂ ਦੁਆਰਾ ਘਟਨਾ ਸਥਾਨ 'ਤੇ ਐਸਏਆਰ ਉਪਕਰਣ ਤਾਇਨਾਤ ਕੀਤੇ ਗਏ ਸਨ।

# ਫਸਲ ਨੂੰ ਬਚਾਉਣ ਲਈ ਗੁੜ 'ਚ ਸਿਉਂਕ ਦੀ ਦਵਾਈ ਮਿਲਾ ਕੇ 26 ਬਾਂਦਰਾਂ ਦਾ ਕੀਤਾ ਕਤਲ, 2 ਗ੍ਰਿਫਤਾਰ

ਹਾਪੁੜ, 18 ਮਈ (ਪੋਸਟ ਬਿਊਰੋ): ਹਾਪੁੜ (ਉੱਤਰ ਪ੍ਰਦੇਸ਼) ਦੇ ਗੜ੍ਹਮੁਕਤੇਸ਼ਵਰ ਇਲਾਕੇ ਵਿੱਚ 26 ਬਾਂਦਰਾਂ ਨੂੰ ਗੁੜ ਵਿੱਚ ਸਿਉਂਕ ਮਾਰਨ ਵਾਲੀ ਦਵਾਈ ਨਾਲ ਮਾਰ ਦਿੱਤਾ ਗਿਆ। ਇਹ ਖੁਲਾਸਾ ਹਾਪੁੜ ਦੇ ਐਡੀਸ਼ਨਲ ਐੱਸਪੀ ਮੁਕੇਸ਼ ਮਿਸ਼ਰਾ ਨੇ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਨੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਪਾਸੋਂ ਸਿਉਂਕ ਦੀ ਦਵਾਈ ਬਰਾਮਦ ਹੋਈ ਹੈ। ਫੜੇ ਗਏ ਮੁਲਜ਼ਮਾਂ ਨੇ ਦੱਸਿਆ ਕਿ ਬਾਂਦਰ ਖੇਤਾਂ ਵਿੱਚ ਫਸਲਾਂ ਦਾ ਨੁਕਸਾਨ ਕਰ ਰਹੇ ਸਨ, ਜਿਸ ਕਾਰਨ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਪੁਲੀਸ ਨੇ ਕਾਬੂ ਕੀਤੇ ਮੁਲਜ਼ਮਾਂ ਖ਼ਿਲਾਫ਼ ਜੰਗਲੀ ਜੀਵ ਸੁਰੱਖਿਆ ਐਕਟ 1972 ਅਤੇ ਧਾਰਾ 429



ਤਹਿਤ ਕਾਰਵਾਈ ਕਰਦਿਆਂ ਜੇਲ੍ਹ ਭੇਜ ਦਿੱਤਾ ਹੈ।

ਐਡੀਸ਼ਨਲ ਐੱਸਪੀ ਮੁਕੇਸ਼ ਮਿਸ਼ਰਾ ਅਤੇ ਸੀਓ ਸਤੂਤੀ ਸਿੰਘ ਨੇ ਮੇਰਠ ਰੋਡ 'ਤੇ ਸਥਿਤ ਪੁਲਸ ਲਾਈਨ 'ਚ ਪ੍ਰੈੱਸ ਕਾਨਫਰੰਸ 'ਚ ਦੱਸਿਆ ਕਿ ਪੁਲਸ ਅਤੇ ਜੰਗਲਾਤ ਵਿਭਾਗ ਦੀ ਟੀਮ ਨੂੰ ਗੜ੍ਹਮੁਕਤੇਸ਼ਵਰ ਇਲਾਕੇ ਦੇ ਝੜੀਨਾ ਪਿੰਡ 'ਚ ਵੱਡੀ ਗਿਣਤੀ 'ਚ ਬਾਂਦਰਾਂ ਦੇ ਮਰੇ ਹੋਣ ਦੀ ਸੂਚਨਾ ਮਿਲੀ ਸੀ। ਸੂਚਨਾ ਮਿਲਣ ਤੋਂ ਬਾਅਦ ਜੰਗਲਾਤ ਵਿਭਾਗ ਦੀ ਟੀਮ ਨੇ ਬਾਂਦਰਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਬਰੇਲੀ ਭੇਜ ਦਿੱਤਾ, ਜਦਕਿ ਪੁਲਸ ਆਪਣੀ ਜਾਂਚ 'ਚ ਜੁੱਟ ਗਈ। ਪੁਲਿਸ ਨੇ ਬਾਂਦਰਾਂ ਦੀਆਂ ਲਾਸ਼ਾਂ ਤੋਂ ਗੁੜ ਅਤੇ ਤਰਬੂਜ ਬਰਾਮਦ ਕੀਤਾ ਹੈ, ਜਿਸ ਤੋਂ ਜਾਪਦਾ ਸੀ ਕਿ ਗੁੜ ਜਾਂ ਤਰਬੂਜ ਵਿੱਚ ਕੋਈ ਜ਼ਹਿਰੀਲਾ ਪਦਾਰਥ ਮਿਲਾ ਕੇ ਬਾਂਦਰਾਂ ਨੂੰ ਦਿੱਤਾ ਗਿਆ ਸੀ।

ਮੁਲਜ਼ਮਾਂ ਨੇ ਪੁਲੀਸ ਨੂੰ ਦੱਸਿਆ ਕਿ ਬਾਂਦਰ ਲਗਾਤਾਰ ਖੇਤਾਂ ਦਾ ਨੁਕਸਾਨ ਕਰ ਰਹੇ ਹਨ। ਜਿਸ ਕਾਰਨ ਉਹ ਇੱਕ ਕਿੱਲੋ ਫਰਾਡੋਨ ਸਿਉਂਕ ਦੀ ਦਵਾਈ ਲੈ ਕੇ ਆਇਆ ਅਤੇ ਇਸ ਵਿੱਚ ਗੁੜ ਮਿਲਾ ਕੇ ਬਾਂਦਰਾਂ ਨੂੰ ਦੇ ਦਿੱਤਾ। ਉਨ੍ਹਾਂ ਨੇ ਸੋਚਿਆ ਕਿ ਬਾਂਦਰ ਬੇਹੋਸ਼ ਹੋ ਜਾਣਗੇ ਅਤੇ ਬਾਅਦ ਵਿੱਚ ਇੱਥੋਂ ਚਲੇ ਜਾਣਗੇ, ਪਰ ਦਵਾਈ ਖਾਣ ਨਾਲ ਬਾਂਦਰਾਂ ਦੀ ਮੌਤ ਹੋ ਗਈ।

# ਕਾਂਗੜਾ ਵਿਚ ਖਾਈ 'ਚ ਡਿੱਗਿਆ ਟਰੱਕ, 5 ਲੋਕਾਂ ਦੀ ਮੌਤ




ਕਾਂਗੜਾ, 18 ਮਈ (ਪੋਸਟ ਬਿਊਰੋ): ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਵਿੱਚ ਇੱਕ ਵੱਡਾ ਹਾਦਸਾ ਵਾਪਰ ਗਿਆ। ਧਰਮਸ਼ਾਲਾ ਨੇੜੇ ਐਤਵਾਰ ਨੂੰ ਇੱਕ ਟਰੱਕ 100 ਮੀਟਰ ਡੂੰਘੀ ਖੱਡ ਵਿੱਚ ਡਿੱਗਣ ਕਾਰਨ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ ਪੰਜ ਹੋਰ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਮੁਤਾਬਕ ਇਹ ਘਟਨਾ ਦੁਪਹਿਰ ਨੂੰ ਰਾਸੇਹਰ ਪਿੰਡ 'ਚ ਵਾਪਰੀ। ਮਰਨ ਵਾਲਿਆਂ ਵਿੱਚ ਇੱਕੋ ਪਰਿਵਾਰ ਦੇ ਤਿੰਨ ਲੋਕ ਸ਼ਾਮਲ ਹਨ।

ਜਾਣਕਾਰੀ ਮੁਤਾਬਕ ਇਸ ਹਾਦਸੇ 'ਚ 4 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਇਕ ਦੀ ਹਸਪਤਾਲ ਲਿਜਾਂਦੇ ਸਮੇਂ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਕਣਕ ਨਾਲ ਭਰਿਆ ਇੱਕ ਟਰੱਕ ਉਥੜਾਗਰਾਂ ਪੰਚਾਇਤ ਨੇੜੇ ਲਿੰਕ ਸੜਕ ਦੇ ਕਿਨਾਰੇ ਖਾਈ ਵਿੱਚ ਡਿੱਗ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਸੁਨੀਲ ਕਾਂਤ, ਉਨ੍ਹਾਂ ਦੀ ਪਤਨੀ ਸੀਤਾ ਦੇਵੀ ਅਤੇ ਬੇਟੀ ਤ੍ਰਿਸ਼ਾ ਦੇਵੀ ਤੋਂ ਇਲਾਵਾ ਆਰਤੀ ਅਤੇ ਮਿਲਾਪ ਚੰਦ ਵਜੋਂ ਹੋਈ ਹੈ, ਜਦੋਂ ਕਿ ਜ਼ਖਮੀਆਂ ਦੀ ਪਛਾਣ ਸੁਨੀਲ ਕਾਂਤ ਦੇ ਪੁੱਤਰ ਅਭਿਨਵ ਅਤੇ ਅਭਿਸ਼ੇਕ, ਪੂਜਾ, ਪ੍ਰਗਤੀ ਅਤੇ ਅਨਿਲ ਕਾਂਤ ਵਜੋਂ ਹੋਈ ਹੈ।

ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਹਾਦਸੇ ਵਿੱਚ ਜਾਨੀ ਨੁਕਸਾਨ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸੁੱਖੂ ਨੇ ਕਿਹਾ ਕਿ ਸਰਕਾਰ ਇਸ ਦੁੱਖ ਦੀ ਘੜੀ ਵਿੱਚ ਪੀੜਤ ਪਰਿਵਾਰਾਂ ਦੇ ਨਾਲ ਖੜੀ ਹੈ ਅਤੇ ਪੀੜਤ ਪਰਿਵਾਰਾਂ ਨੂੰ ਤੁਰੰਤ ਰਾਹਤ ਪ੍ਰਦਾਨ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ ਨਿਰਦੇਸ਼ ਜਾਰੀ ਕੀਤੇ ਗਏ ਹਨ। ਮੁੱਖ ਮੰਤਰੀ ਨੇ ਜ਼ਖਮੀਆਂ ਦੇ ਜਲਦੀ ਸਿਹਤਯਾਬ ਹੋਣ ਦੀ ਕਾਮਨਾ ਕੀਤੀ ਅਤੇ ਹਸਪਤਾਲ ਦੇ ਅਧਿਕਾਰੀਆਂ ਨੂੰ ਉਨ੍ਹਾਂ ਦਾ ਵਧੀਆ ਇਲਾਜ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ। ਧਰਮਸ਼ਾਲਾ ਦੇ ਵਿਧਾਇਕ ਸੁਧੀਰ ਸ਼ਰਮਾ ਨੇ ਦੁਖੀ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਸਰਕਾਰ ਹਾਦਸੇ ਦੇ ਪੀੜਤਾਂ ਦੀ ਹਰ ਸੰਭਵ ਮਦਦ ਕਰੇਗੀ।

# ਠਾਣੇ ਵਿਚ 3 ਵਿਅਕਤੀਆਂ ਨੇ ਆਵਾਰਾ ਕੁੱਤੇ ਦਾ ਕੀਤਾ ਬੇਰਹਿਮੀ ਨਾਲ ਕਤਲ

ਠਾਣੇ, 18 ਮਈ (ਪੋਸਟ ਬਿਊਰੋ): ਮਹਾਰਾਸ਼ਟਰ ਦੇ ਠਾਣੇ ਜ਼ਿਲੇ ਦੇ ਮੀਰਾ ਰੋਡ ਇਲਾਕੇ 'ਚ ਇਕ ਹਾਊਸਿੰਗ ਸੋਸਾਇਟੀ ਦੇ ਬਾਹਰ ਇਕ ਆਵਾਰਾ ਕੁੱਤੇ ਨੂੰ ਤਿੰਨ ਵਿਅਕਤੀਆਂ ਨੇ ਕਥਿਤ ਤੌਰ 'ਤੇ ਕੁੱਟ-ਕੁੱਟ ਕੇ ਮਾਰ ਦਿੱਤਾ। ਉਨ੍ਹਾਂ ਖਿਲਾਫ ਅਪਰਾਧਿਕ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਇਹ ਘਟਨਾ 11 ਮਈ ਦੀ ਰਾਤ ਨੂੰ ਇਕ ਹਾਊਸਿੰਗ ਸੁਸਾਇਟੀ ਦੇ ਸਾਹਮਣੇ ਵਾਪਰੀ, ਜਦੋਂ ਇਕ ਵਿਅਕਤੀ ਨੇ ਕੁੱਤੇ ਨੂੰ ਚੁੱਕ ਕੇ ਜ਼ਮੀਨ 'ਤੇ ਸੁੱਟ ਦਿੱਤਾ। ਦੂਜੇ ਵਿਅਕਤੀ ਨੇ ਕੁੱਤੇ ਦੀ ਗਰਦਨ ਨੂੰ ਰੱਸੀ ਨਾਲ ਬੰਨ੍ਹ ਦਿੱਤਾ, ਜਦਕਿ ਤੀਜੇ ਨੇ ਡੰਡੇ ਨਾਲ ਕੁੱਟਿਆ। ਇਹ ਵਹਿਸ਼ੀ ਘਟਨਾ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ। ਹਾਊਸਿੰਗ ਸੋਸਾਇਟੀ ਦੇ ਇੱਕ ਵਸਨੀਕ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ 'ਤੇ ਤਿੰਨਾਂ ਖ਼ਿਲਾਫ਼ ਭਾਰਤੀ ਦੰਡਾਵਲੀ ਦੀ ਧਾਰਾ 429 ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਅਜੇ ਤੱਕ ਕਿਸੇ ਦੀ ਗ੍ਰਿਫਤਾਰੀ ਨਹੀਂ ਹੋਈ ਹੈ।

# ਪ੍ਰਧਾਨ ਮੰਤਰੀ ਮੋਦੀ 28 ਮਈ ਨੂੰ ਕਰਨਗੇ ਸੰਸਦ ਦੀ ਨਵੀਂ ਬਣੀ ਇਮਾਰਤ ਦਾ ਉਦਘਾਟਨ


ਨਵੀਂ ਦਿੱਲੀ, 18 ਮਈ (ਪੋਸਟ ਬਿਊਰੋ): ਪ੍ਰਧਾਨ ਮੰਤਰੀ ਨਰਿੰਦਰ ਮੋਦੀ 28 ਮਈ ਨੂੰ ਸੰਸਦ ਦੀ ਨਵੀਂ ਬਣੀ ਇਮਾਰਤ ਦਾ ਉਦਘਾਟਨ ਕਰਨਗੇ। ਸੰਸਦ ਦੀ ਨਵੀਂ ਬਣੀ ਇਮਾਰਤ ਦਾ ਨਿਰਮਾਣ ਪੂਰਾ ਹੋਣ ਤੋਂ ਬਾਅਦ, ਲੋਕ ਸਭਾ ਸਪੀਕਰ ਉਮ ਬਿਰਲਾ ਨੇ ਵੀਰਵਾਰ ਨੂੰ ਪੀਐਮ ਮੋਦੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਇਸ ਇਮਾਰਤ ਦਾ ਉਦਘਾਟਨ ਕਰਨ ਦੀ ਅਪੀਲ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ 28 ਮਈ ਨੂੰ ਇਮਾਰਤ ਦੇ ਉਦਘਾਟਨ ਲਈ ਮਨਜ਼ੂਰੀ ਦੇ ਦਿੱਤੀ ਹੈ।

5 ਅਗਸਤ, 2019 ਨੂੰ, ਸੰਸਦ ਦੇ ਦੋਵੇਂ ਸਦਨਾਂ, ਲੋਕ ਸਭਾ ਅਤੇ ਰਾਜ ਸਭਾ ਨੇ ਸਰਕਾਰ ਨੂੰ ਸੰਸਦ ਲਈ ਨਵੀਂ ਇਮਾਰਤ ਬਣਾਉਣ ਦੀ ਅਪੀਲ ਕੀਤੀ। ਇਸ ਤੋਂ ਬਾਅਦ 10 ਦਸੰਬਰ 2020 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਵੀਂ ਸੰਸਦ ਭਵਨ ਦਾ ਨੀਂਹ ਪੱਥਰ ਰੱਖਿਆ। ਨਵੀਂ ਸੰਸਦ ਦੀ ਇਮਾਰਤ ਰਿਕਾਰਡ ਸਮੇਂ ਵਿੱਚ ਗੁਣਵੱਤਾ ਦੇ ਨਾਲ ਬਣਾਈ ਗਈ ਹੈ।

ਜਿੱਥੇ ਸੰਸਦ ਦੀ ਨਵ-ਨਿਰਮਿਤ ਇਮਾਰਤ ਭਾਰਤ ਦੀਆਂ ਸ਼ਾਨਦਾਰ ਜਮਹੂਰੀ ਪਰੰਪਰਾਵਾਂ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਹੋਰ ਪ੍ਰਫੁੱਲਤ ਕਰਨ ਦਾ ਕੰਮ ਕਰੇਗੀ, ਉੱਥੇ ਹੀ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਇਹ ਇਮਾਰਤ ਮੈਂਬਰਾਂ ਨੂੰ ਆਪਣੇ ਕੰਮਕਾਜ ਵਧੀਆ ਢੰਗ ਨਾਲ ਕਰਨ ਵਿੱਚ ਵੀ ਸਹਾਈ ਹੋਵੇਗੀ।

ਸੰਸਦ ਦੀ ਮੌਜੂਦਾ ਇਮਾਰਤ ਵਿੱਚ ਲੋਕ ਸਭਾ ਵਿੱਚ 550 ਅਤੇ ਰਾਜ ਸਭਾ ਵਿੱਚ 250 ਮੈਂਬਰਾਂ ਦੀ ਬੈਠਕ ਦੀ ਵਿਵਸਥਾ ਹੈ। ਭਵਿੱਖ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਸੰਸਦ ਦੀ ਨਵੀਂ ਬਣੀ ਇਮਾਰਤ ਵਿੱਚ ਲੋਕ ਸਭਾ ਵਿੱਚ 888 ਅਤੇ ਰਾਜ ਸਭਾ ਵਿੱਚ 384 ਮੈਂਬਰਾਂ ਦੀ ਮੀਟਿੰਗ ਦਾ ਪ੍ਰਬੰਧ ਕੀਤਾ ਗਿਆ ਹੈ। ਦੋਵਾਂ ਸਦਨਾਂ ਦਾ ਸਾਂਝਾ ਸੈਸ਼ਨ ਲੋਕ ਸਭਾ ਦੇ ਚੈਂਬਰ ਵਿੱਚ ਹੀ ਹੋਵੇਗਾ।

# ਨਸ਼ੇੜੀ ਦੀ ਪਿਉ, ਭਰਾ ਤੇ ਪੁੱਤਰ ਨੇ ਕੁੱਟ-ਕੁੱਟ ਕੇ ਹੱਤਿਆ, ਕਤਲ ਤੋਂ ਬਾਅਦ ਲਾਸ਼ ਸਾੜੀ




ਮੁੰਬਈ, 18 ਮਈ (ਪੋਸਟ ਬਿਊਰੋ): ਮਹਾਰਾਸ਼ਟਰ 'ਚ ਇਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਦਰਅਸਲ 35 ਸਾਲਾ ਬੇਟੇ ਦੀ ਸ਼ਰਾਬ ਦੀ ਲਤ ਤੋਂ ਪ੍ਰੇਸ਼ਾਨ ਹੋ ਕੇ ਉਸ ਦੇ ਹੀ ਪਰਿਵਾਰ ਨੇ ਉਸ ਦੀ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ। ਇੰਨਾ ਹੀ ਨਹੀਂ ਕਤਲ ਤੋਂ ਬਾਅਦ ਲਾਸ਼ ਨੂੰ ਸਾੜ ਦਿੱਤਾ ਗਿਆ। ਪੁਲਸ ਨੇ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਮਾਮਲੇ ਦੀ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

ਪੁਲਿਸ ਦਾ ਕਹਿਣਾ ਹੈ ਕਿ ਪਹਿਲੀ ਨਜ਼ਰੇ ਅਜਿਹਾ ਲੱਗਦਾ ਹੈ ਕਿ ਪਰਿਵਾਰ ਨੇ ਹੀ ਨੌਜਵਾਨ ਦਾ ਕਤਲ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ 15 ਮਈ ਨੂੰ ਮਹਾਰਾਸ਼ਟਰ ਦੇ ਜਾਲਨਾ ਦੇ ਅੰਬੇਡ ਤਾਲੁਕਾ ਵਿੱਚ ਰਹਿਣ ਵਾਲੇ ਇੱਕ ਨੌਜਵਾਨ ਦੀ ਖੇਤਾਂ ਵਿੱਚ ਕਿਸੇ ਗੱਲ ਨੂੰ ਲੈ ਕੇ ਆਪਣੇ ਪਰਿਵਾਰਕ ਮੈਂਬਰਾਂ ਨਾਲ ਬਹਿਸ ਹੋ ਗਈ ਸੀ। ਤਕਰਾਰ ਵਧ ਕੇ ਹੱਥੋਪਾਈ ਤੱਕ ਪਹੁੰਚ ਗਈ ਅਤੇ ਨੌਜਵਾਨ ਦੇ ਪਿਤਾ, ਭਰਾ ਅਤੇ ਪੁੱਤਰ ਨੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਕੁੱਟਮਾਰ ਕਾਰਨ ਨੌਜਵਾਨ ਦੀ ਮੌਤ ਹੋ ਗਈ। ਜਦੋਂ ਰਿਸ਼ਤੇਦਾਰਾਂ ਨੂੰ ਪਤਾ ਲੱਗਾ ਕਿ ਉਸ ਦੀ ਮੌਤ ਹੋ ਗਈ ਹੈ ਤਾਂ ਉਨ੍ਹਾਂ ਨੇ ਪੁਲਸ ਦੀ ਕਾਰਵਾਈ ਤੋਂ ਬਚਣ ਲਈ ਉਸ ਦੀ ਲਾਸ਼ ਨੂੰ ਸਾੜ ਦਿੱਤਾ।

ਹਾਲਾਂਕਿ ਰਿਸ਼ਤੇਦਾਰ ਪੁਲਸ ਦੀ ਜਾਂਚ 'ਚ ਫਸ ਗਏ ਸਨ। ਰਿਸ਼ਤੇਦਾਰਾਂ ਨੇ ਦੱਸਿਆ ਕਿ ਮ੍ਰਿਤਕ ਸ਼ਰਾਬ ਅਤੇ ਭੰਗ ਦਾ ਆਦੀ ਸੀ ਅਤੇ ਪੂਰਾ ਪਰਿਵਾਰ ਇਸ ਆਦਤ ਤੋਂ ਪ੍ਰੇਸ਼ਾਨ ਸੀ। ਪੁਲੀਸ ਨੇ ਮੁਲਜ਼ਮ ਨੂੰ ਕਤਲ ਅਤੇ ਸਬੂਤ ਨਸ਼ਟ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਹੈ।

# ਬੰਗਾਲ ਵਿਚ ਗੈਰ-ਕਾਨੂੰਨੀ ਪਟਾਕਾ ਫੈਕਟਰੀ 'ਚ ਧਮਾਕਾ, 7 ਦੀ ਮੌਤ

ਕੋਲਕਾਤਾ, 18 ਮਈ (ਪੋਸਟ ਬਿਊਰੋ): ਪੱਛਮੀ ਬੰਗਾਲ 'ਚ ਮੰਗਲਵਾਰ ਨੂੰ ਪਟਾਕਾ ਬਣਾਉਣ ਵਾਲੀ ਫੈਕਟਰੀ 'ਚ ਹੋਏ ਧਮਾਕੇ 'ਚ 7 ਲੋਕਾਂ ਦੀ ਮੌਤ ਹੋ ਗਈ ਅਤੇ ਕੁਝ ਹੋਰ ਜ਼ਖਮੀ ਹੋ ਗਏ। ਧਮਾਕਾ ਇੰਨਾ ਜ਼ਬਰਦਸਤ ਸੀ ਕਿ ਫੈਕਟਰੀ ਦੇ ਅੰਦਰ ਲਾਸ਼ਾਂ ਖਿੱਲਰ ਗਈਆਂ। ਇਸ ਘਟਨਾ ਤੋਂ ਬਾਅਦ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਅਤੇ ਵਿਰੋਧੀ ਧਿਰ ਭਾਜਪਾ ਵਿਚਾਲੇ ਸਿਆਸੀ ਦੋਸ਼ਾਂ ਅਤੇ ਜਵਾਬੀ ਦੋਸ਼ਾਂ ਦਾ ਦੌਰ ਸ਼ੁਰੂ ਹੋ ਗਿਆ ਹੈ। ਪੂਰਬੀ ਮੇਦਿਨੀਪੁਰ ਦੇ ਈਗਰਾ 'ਚ ਘਟਨਾ ਦੀ ਜਾਂਚ ਕਰਨ ਪਹੁੰਚੀ ਪੁਲਸ 'ਤੇ ਗੁੱਸੇ 'ਚ ਆਏ ਸਥਾਨਕ ਲੋਕਾਂ ਨੇ ਹਮਲਾ ਕਰ ਦਿੱਤਾ। ਪੁਲਿਸ ਨੇ ਦੱਸਿਆ ਕਿ ਉੜੀਸਾ ਸਰਹੱਦ ਦੇ ਕੋਲ ਸਥਿਤ ਇਸ ਫੈਕਟਰੀ ਦਾ ਮਾਲਕ ਗੁਆਂਢੀ ਰਾਜ ਭੱਜ ਗਿਆ ਹੈ।

ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਗੈਰ-ਕਾਨੂੰਨੀ ਪਟਾਕਾ ਫੈਕਟਰੀ ਚਲਾਉਣ ਵਾਲੇ ਵਿਅਕਤੀ ਨੂੰ ਪਹਿਲਾਂ ਪੁਲਸ ਨੇ ਗ੍ਰਿਫਤਾਰ



ਕੀਤਾ ਸੀ ਅਤੇ ਇਸ ਲਈ ਉਸ 'ਤੇ ਦੋਸ਼ ਵੀ ਲਗਾਏ ਗਏ ਸਨ। ਉਸ ਨੇ ਕਿਹਾ, "ਜ਼ਮਾਨਤ ਮਿਲਣ ਤੋਂ ਬਾਅਦ ਉਹ ਫਿਰ ਤੋਂ ਕੰਮ ਕਰਨ ਲੱਗ ਪਿਆ ਹੈ।" ਉਨ੍ਹਾਂ ਨੇ ਮਾਮਲੇ ਦੀ ਜਾਂਚ ਸੀਆਈਡੀ ਨੂੰ ਸੌਂਪ ਦਿੱਤੀ ਹੈ। ਭਾਜਪਾ ਨੇ ਤ੍ਰਿਣਮੂਲ 'ਤੇ ਸੂਬੇ 'ਚ ਪੰਚਾਇਤੀ ਚੋਣਾਂ ਤੋਂ ਪਹਿਲਾਂ ਬੰਬ ਬਣਾਉਣ ਦਾ ਦੋਸ਼ ਲਾਇਆ ਅਤੇ ਧਮਾਕੇ ਦੀ ਜਾਂਚ ਦੀ ਮੰਗ ਕੀਤੀ। ਘਟਨਾ ਭਾਜਪਾ ਸਮਰਥਿਤ ਪੰਚਾਇਤ ਖੇਤਰ ਦੀ ਹੈ। ਪ੍ਰਦੇਸ਼ ਭਾਜਪਾ ਪ੍ਰਧਾਨ ਸੁਕਾਂਤਾ ਮਜੂਮਦਾਰ ਨੇ ਕਿਹਾ, "ਇਹ ਟੀਐਮਸੀ ਨੇਤਾ ਦੀ ਫੈਕਟਰੀ ਵਿੱਚ ਵਾਪਰਿਆ ਜਿੱਥੇ ਬੰਬ ਬਣਾਏ ਜਾ ਰਹੇ ਸਨ। ਇਸ ਨਾਲ ਪੱਛਮੀ ਬੰਗਾਲ ਵਿੱਚ ਪੰਚਾਇਤੀ ਚੋਣਾਂ ਤੋਂ ਪਹਿਲਾਂ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਪੈਦਾ ਹੋ ਰਹੀ ਹੈ।"

# ਤਾਮਿਲਨਾਡੂ ਵਿਚ ਨਕਲੀ ਸ਼ਰਾਬ ਪੀਣ ਨਾਲ ਅੱਠ ਲੋਕਾਂ ਦੀ ਮੌਤ, 30 ਤੋਂ ਵੱਧ ਹਸਪਤਾਲ ਵਿੱਚ ਭਰਤੀ

ਵਿਲੂਪੁਰਮ, 18 ਮਈ (ਪੋਸਟ ਬਿਊਰੋ): ਤਾਮਿਲਨਾਡੂ 'ਚ ਕਥਿਤ ਤੌਰ 'ਤੇ ਨਕਲੀ ਸ਼ਰਾਬ ਪੀਣ ਨਾਲ ਦੋ ਵੱਖ-ਵੱਖ ਘਟਨਾਵਾਂ 'ਚ ਅੱਠ ਲੋਕਾਂ ਦੀ ਮੌਤ ਹੋ ਗਈ ਹੈ। ਵਿਲਾਪੁਰਮ ਜ਼ਿਲੇ 'ਚ 4 ਅਤੇ ਚੇਂਗਲਪੱਟੂ ਜ਼ਿਲੇ 'ਚ 4 ਲੋਕਾਂ ਦੀ ਮੌਤ ਹੋ ਗਈ ਹੈ। ਇਸ ਤੋਂ ਇਲਾਵਾ ਨਕਲੀ ਸ਼ਰਾਬ ਪੀਣ ਕਾਰਨ ਬਿਮਾਰ ਹੋਏ 30 ਤੋਂ ਵੱਧ ਲੋਕਾਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਪੁਲਸ ਮੁਤਾਬਕ ਇਸ ਮਾਮਲੇ 'ਚ ਦੋ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਦੇ ਨਾਲ ਹੀ ਹੋਰ ਲੋਕਾਂ ਦੀ ਭਾਲ ਲਈ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ ਹੈ। ਤਾਮਿਲਨਾਡੂ ਦੇ ਮੁੱਖ ਮੰਤਰੀ ਐਮ ਕੇ ਸਟਾਲਿਨ ਨੇ ਕਿਹਾ ਕਿ ਘਟਨਾ ਦੇ ਸਬੰਧ ਵਿੱਚ ਚਾਰ ਪੁਲਿਸ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

ਨਕਲੀ ਸ਼ਰਾਬ ਅਤੇ ਨਸ਼ੀਲੇ ਪਦਾਰਥਾਂ ਦੇ ਖਤਰੇ ਨਾਲ ਨਜਿੱਠਣ ਲਈ ਆਪਣੀ ਸਰਕਾਰ ਦੇ ਸੰਕਲਪ ਨੂੰ ਰੇਖਾਂਕਿਤ ਕਰਦੇ ਹੋਏ ਸਟਾਲਿਨ ਨੇ ਕਿਹਾ ਕਿ ਇਸ ਘਟਨਾ ਦੇ ਸਬੰਧ ਵਿੱਚ ਦੋ ਇੰਸਪੈਕਟਰਾਂ ਸਮੇਤ ਚਾਰ ਪੁਲਿਸ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

ਉਨ੍ਹਾਂ ਨੇ ਇਸ ਘਟਨਾ ਵਿੱਚ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ 10-10 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਦੇਣ ਦਾ ਵੀ ਐਲਾਨ ਕੀਤਾ।





ਆਲ ਇੰਡੀਆ ਅੰਨਾ ਦ੍ਰਵਿੜ ਮੁਨੇਤਰ ਕੜਗਮ (ਏਆਈਏਡੀਐਮਕੇ) ਦੇ ਜਨਰਲ ਸਕੱਤਰ ਅਤੇ ਵਿਰੋਧੀ ਧਿਰ ਦੇ ਨੇਤਾ ਕੇ ਪਲਾਨੀਸਵਾਮੀ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੀ ਅਗਵਾਈ ਵਾਲੇ 10 ਸਾਲਾਂ ਦੇ ਸ਼ਾਸਨ (2011 ਤੋਂ 2021 ਤੱਕ) ਵਿੱਚ ਬੂਟਲੈਗਿੰਗ ਦੀ ਕੋਈ ਥਾਂ ਨਹੀਂ ਸੀ ਅਤੇ ਇਸ ਘਟਨਾ ਲਈ ਸੱਤਾਧਾਰੀ ਦ੍ਰਵਿੜ ਮੁਨੇਤਰ ਕੜਗਮ (ਡੀਐੱਮਕੇ) ਦੀ "ਅਯੋਗਤਾ" ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਨੇ ਟਵੀਟ ਕੀਤਾ, "ਘੱਟੋ-ਘੱਟ ਹੁਣ ਗੈਰ-ਕਾਨੂੰਨੀ ਸ਼ਰਾਬ ਖਿਲਾਫ ਕਦਮ ਚੁੱਕੇ ਜਾਣੇ ਚਾਹੀਦੇ ਹਨ।"

ਪੱਤਲੀ ਮੱਕਲ ਕਾਚੀ (ਪੀਐਮਕੇ) ਦੇ ਸੰਸਥਾਪਕ ਡਾ। ਰਾਮਦਾਸ ਨੇ ਨਕਲੀ ਸ਼ਰਾਬ ਦੀ ਵਿਕਰੀ ਸਬੰਧੀ ਸਬੰਧਤ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

# ਮਨੀਪੁਰ 'ਚ ਤੇਜ਼ੀ ਨਾਲ ਹਾਲਾਤ ਸੁਧਰ ਰਹੇ ਹਨ, ਰਾਸ਼ਨ ਤੇ ਹੋਰ ਜ਼ਰੂਰੀ ਵਸਤਾਂ ਦੀ ਹੋ ਰਹੀ ਢੋਆ-ਢੁਆਈ

ਇੰਫਾਲ, 18 ਮਈ (ਪੋਸਟ ਬਿਊਰੋ): ਮਨੀਪੁਰ ਵਿੱਚ ਹਿੰਸਾ ਤੋਂ ਬਾਅਦ ਹੁਣ ਸਥਿਤੀ ਕਾਬੂ ਵਿੱਚ ਹੁੰਦੀ ਨਜ਼ਰ ਆ ਰਹੀ ਹੈ। ਹਾਲ ਹੀ 'ਚ ਫੌਜ ਦੀ ਸੁਰੱਖਿਆ 'ਚ ਰਾਸ਼ਨ ਅਤੇ ਹੋਰ ਜ਼ਰੂਰੀ ਚੀਜ਼ਾਂ ਦਾ ਕਾਫਲਾ ਰਾਜਧਾਨੀ ਇੰਫਾਲ ਲਿਜਾਇਆ ਗਿਆ ਸੀ। ਹਿੰਸਾ ਕਾਰਨ ਇੰਫਾਲ ਘਾਟੀ ਵਿੱਚ ਰਾਸ਼ਨ ਦੀ ਕਮੀ ਹੋ ਗਈ ਸੀ। ਜਿਸ ਤੋਂ ਬਾਅਦ ਫੌਜ ਨੇ ਚਾਰਜ ਸੰਭਾਲ ਲਿਆ ਅਤੇ ਸਾਰੇ ਜ਼ਰੂਰੀ ਸਮਾਨ ਦਾ ਕਾਫਲਾ ਇੰਫਾਲ ਘਾਟੀ ਲਈ ਰਵਾਨਾ ਕੀਤਾ। ਫੌਜ ਨੇ ਟਵੀਟ ਕਰਕੇ ਇਸ ਦੀ ਜਾਣਕਾਰੀ ਦਿੱਤੀ ਹੈ।

ਦੱਸ ਦਈਏ ਕਿ ਪਿਛਲੇ ਦਿਨੀਂ ਮਣੀਪੁਰ 'ਚ ਮੀਤੀ ਭਾਈਚਾਰੇ ਨੂੰ ਕਬਾਇਲੀ ਰਿਜ਼ਰਵੇਸ਼ਨ ਦੇਣ ਦੇ ਵਿਰੋਧ 'ਚ ਹਿੰਸਾ ਸ਼ੁਰੂ ਹੋ ਗਈ ਸੀ। ਇਸ ਦੌਰਾਨ 50 ਤੋਂ ਵੱਧ



ਲੋਕ ਮਾਰੇ ਗਏ ਸਨ ਅਤੇ ਵੱਖ-ਵੱਖ ਥਾਵਾਂ 'ਤੇ ਅੱਗਜ਼ਨੀ ਵੀ ਹੋਈ ਸੀ। ਸੂਬੇ ਵਿੱਚੋਂ ਵੱਡੀ ਗਿਣਤੀ ਵਿੱਚ ਲੋਕ ਹਿਜਰਤ ਵੀ ਕਰ ਚੁੱਕੇ ਹਨ। ਸਥਿਤੀ ਨੂੰ ਦੇਖਦੇ ਹੋਏ ਸੂਬੇ 'ਚ ਫੌਜ ਤਾਇਨਾਤ ਹੈ। ਸੜਕਾਂ ਜਾਮ ਹੋਣ ਅਤੇ ਟਰਾਂਸਪੋਰਟਰਾਂ ਦੇ ਡਰ ਕਾਰਨ ਰਾਜ ਦੀ ਇੰਫਾਲ ਘਾਟੀ ਵਿੱਚ ਰਾਸ਼ਨ ਅਤੇ ਹੋਰ ਜ਼ਰੂਰੀ ਵਸਤਾਂ ਦੀ ਸਪਲਾਈ ਨਹੀਂ ਕੀਤੀ ਜਾ ਰਹੀ ਹੈ। ਇਸ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।

ਭਾਰਤੀ ਫੌਜ ਨੇ ਜਾਣਕਾਰੀ ਦਿੱਤੀ ਹੈ ਕਿ 15 ਮਈ ਨੂੰ 28 ਵਾਹਨਾਂ ਦੇ ਕਾਫਲੇ ਨੂੰ ਰੋਕਿਆ ਗਿਆ ਸੀ, ਜਿਸ ਵਿੱਚ ਚਾਵਲ, ਖੰਡ ਅਤੇ ਦਾਲਾਂ ਦੇ ਟਰੱਕ, ਤੇਲ ਟੈਂਕਰ, ਜੇਸੀਬੀ ਸ਼ਾਮਲ ਸਨ। ਉਸ ਨੂੰ ਸੀਆਰਪੀਐਫ ਅਤੇ ਮਨੀਪੁਰ ਪੁਲਿਸ ਦੀ ਸੁਰੱਖਿਆ ਹੇਠ ਨੋਨੀ ਤੋਂ ਇੰਫਾਲ ਲਿਆਂਦਾ ਗਿਆ ਸੀ। ਅਸਾਮ ਰਾਈਫਲਜ਼ ਨੇ ਕਾਫਲੇ ਨੂੰ ਸੁਰੱਖਿਅਤ ਆਵਾਜਾਈ ਪ੍ਰਦਾਨ ਕੀਤੀ ਅਤੇ ਕਾਫਲੇ ਦੀ ਸੁਰੱਖਿਆ ਲਈ ਵੱਖ-ਵੱਖ ਥਾਵਾਂ 'ਤੇ ਫੌਜਾਂ ਨੂੰ ਤਾਇਨਾਤ ਕੀਤਾ ਗਿਆ। ਦੁਪਹਿਰ ਤੱਕ ਕਾਫਲਾ ਸੁਰੱਖਿਅਤ ਇੰਫਾਲ ਪਹੁੰਚ ਗਿਆ। ਫੌਜ ਨੇ ਕਿਹਾ ਕਿ ਕਾਫਲੇ 'ਤੇ ਮਾਨਵ ਰਹਿਤ ਹਵਾਈ ਵਾਹਨਾਂ ਰਾਹੀਂ ਵੀ ਨਜ਼ਰ ਰੱਖੀ ਗਈ। ਇਸ ਤੋਂ ਬਾਅਦ 16-17 ਮਈ ਨੂੰ ਕਰੀਬ 100 ਵਾਹਨ ਨੈਸ਼ਨਲ ਹਾਈਵੇਅ 37 'ਤੇ ਆ ਗਏ। ਭਾਰਤੀ ਫੌਜ ਦਾ ਕਹਿਣਾ ਹੈ ਕਿ ਇਹ ਸੂਬੇ 'ਚ ਸ਼ਾਂਤੀ ਬਹਾਲ ਕਰਨ ਦੀ ਦਿਸ਼ਾ 'ਚ ਵੀ ਇਕ ਅਹਿਮ ਕਦਮ ਹੈ।


## ਕੁਈਨਜ਼ਵੁੱਡ ਕਾਲਜ ਆਫ਼ ਬਿਜ਼ਨਸ ਹੈਲਥ ਐਂਡ ਟੈਕਨਾਲੋਜੀ ਡਿਪਲੋਮਾ ਅਤੇ ਛੋਟੇ ਕੋਰਸ ਪੇਸ਼ ਕਰਦਾ ਹੈ

ਡਿਪਲੋਮਾ ਪ੍ਰੋਗਰਾਮਾਂ ਵਿੱਚ ਅਸੀਂ **Medical Office Assistant** ਪ੍ਰੋਗਰਾਮ ਪੇਸ਼ ਕਰ ਰਹੇ ਹਾਂ । ਇਹ ਪ੍ਰੋਗਰਾਮ ਉਹਨਾਂ ਸਾਰਿਆਂ ਲਈ ਢੁਕਵਾਂ ਹੈ ਜੋ ਡਾਕਟਰ ਦੇ ਦਫ਼ਤਰ ਵਿੱਚ ਕੰਮ ਕਰਨਾ ਚਾਹੁੰਦੇ ਹਨ। ਤੁਸੀਂ ਇਸ ਕੋਰਸ ਨੂੰ ਪੂਰਾ ਕਰਨ ਤੋਂ ਬਾਅਦ ਡਾਕਟਰ ਦੇ ਦਫਤਰ ਵਿੱਚ ਇੱਕ ਚੰਗੀ ਸਫੈਦ ਕਾਲਰ ਦੀ ਨੌਕਰੀ ਪ੍ਰਾਪਤ ਕਰ ਸਕਦੇ ਹੋ। ਇਹ ਪ੍ਰੋਗਰਾਮ 47 ਹਫ਼ਤਿਆਂ ਦਾ ਹੈ। ਇਸ ਪ੍ਰੋਗਰਾਮ ਵਿੱਚ ਡਾਕਟਰ ਦੇ ਦਫ਼ਤਰ ਵਿੱਚ 240 **Hours** ਦੀ ਵਿਹਾਰਕ ਸਿਖਲਾਈ ਸ਼ਾਮਲ ਹੈ ਜੋ ਕਿ ਗਿਆਨ ਪ੍ਰਾਪਤ ਕਰਨ ਵਿੱਚ ਮਦਦਗਾਰ ਹੈ।

ਇਹ ਪ੍ਰੋਗਰਾਮ ਕਿਸੇ ਵੀ ਕੰਪਨੀ ਦੇ ਪ੍ਰਸ਼ਾਸਕੀ ਖੇਤਰ, ਫਰੰਟ ਡੈਸਕ ਨੌਕਰੀਆਂ, ਰਿਸੈਪਸ਼ਨਿਸਟ, ਆਫਿਸ ਐਡਮਿਨਿਸਟ੍ਰੇਟੋ ਵਿੱਚ ਨੌਕਰੀ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ।

ਇਸ ਕੋਰਸ ਲਈ ਪੂਰਵ ਸ਼ਰਤ ਹੈ, ਪ੍ਰੋਗਰਾਮ ਵਿੱਚ ਦਾਖਲਾ ਲੈਣ ਲਈ ਕਿਸੇ ਵੀ ਦੇਸ਼ ਤੋਂ ਘੱਟੋ-ਘੱਟ ਬਾਰ੍ਹਵੀਂ ਜਮਾਤ ਜਾਂ ਤੁਹਾਡੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ।

ਇਸ ਤੋਂ ਇਲਾਵਾ, Office Administration ਡਿਪਲੋਮਾ ਪ੍ਰੋਗਰਾਮ ਅਤੇ Personal Support Worker, Food Service Worker, ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ। ਛੋਟੇ ਕੋਰਸਾਂ ਵਿੱਚ, ਬੇਸਿਕ ਤੋਂ ਐਡਵਾਂਸ ਕੰਪਿਊਟਰ ਕੋਰਸ, ਅੰਗਰੇਜ਼ੀ ਭਾਸ਼ਾ ਦੇ ਕੋਰਸ, Accounting, ਆਈਲੈਟਸ, ਸੇਲਪਪ, ਡੇਟਾ ਐਂਟਰੀ ਅਤੇ ਫਰੈਂਚ ਕਲਾਸਾਂ ਵੀ ਇੱਥੇ ਦਿੱਤੀਆਂ ਜਾ ਰਹੀਆਂ ਹਨ। ਕਲਾਸਾਂ ਹਫ਼ਤੇ ਦੇ ਦਿਨ ਅਤੇ ਸ਼ਨੀਵਾਰ ਲਈ ਉਪਲਬਧ ਹਨ। Flexible schedule.

ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ।

Website: www.queenswood.com

Address: 2023 William, Pkwy, Unit 3, Brampton, ON, L6S 5N1

# ਲਾਹੌਰ 'ਚ ਇਮਰਾਨ ਦੇ ਘਰ ਛਾਪਾ ਮਾਰ ਸਕਦੀ ਹੈ ਪੁਲਿਸ, ਅੱਤਵਾਦੀ ਸੌਂਪਣ ਲਈ ਦਿੱਤਾ ਸੀ 24 ਘੰਟਿਆਂ ਦਾ ਸਮਾਂ

ਲਾਹੌਰ, 18 ਮਈ (ਪੋਸਟ ਬਿਊਰੋ): ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀਆਂ ਮੁਸੀਬਤਾਂ ਖਤਮ ਹੋਣ ਦਾ ਨਾਂ ਨਹੀਂ ਲੈ ਰਹੀਆਂ ਹਨ। ਪਾਕਿਸਤਾਨੀ ਪੰਜਾਬ ਪੁਲਿਸ ਖਾਨ ਦੇ ਘਰ 'ਚ ਕਥਿਤ ਤੌਰ 'ਤੇ ਲੁਕੇ ਹੋਏ ਅੱਤਵਾਦੀਆਂ ਨੂੰ ਗ੍ਰਿਫਤਾਰ ਕਰਨ ਲਈ ਸੁਰੱਖਿਆ ਮੁਹਿੰਮ ਸ਼ੁਰੂ ਕਰਨ ਵਾਲੀ ਹੈ। ਸੂਬਾ ਸਰਕਾਰ ਨੇ ਖਾਨ ਨੂੰ ਅੱਤਵਾਦੀਆਂ ਨੂੰ ਸੌਂਪਣ ਲਈ 24 ਘੰਟਿਆਂ ਦਾ ਸਮਾਂ ਦਿੱਤਾ ਸੀ, ਜੋ ਹੁਣ ਖਤਮ ਹੋਣ ਵਾਲਾ ਹੈ।



ਪਾਕਿਸਤਾਨੀ ਮੀਡੀਆ ਮੁਤਾਬਕ ਪੰਜਾਬ ਦੀ ਅੰਤਰਿਮ ਸਰਕਾਰ ਨੇ ਬੁੱਧਵਾਰ ਨੂੰ ਦਾਅਵਾ ਕੀਤਾ ਕਿ ਜ਼ਮਾਨ ਪਾਰਕ ਸਥਿਤ ਇਮਰਾਨ ਖਾਨ ਦੀ ਰਿਹਾਇਸ਼ 'ਚ 30-14 ਅੱਤਵਾਦੀ ਲੁਕੇ ਹੋਏ ਹਨ, ਜਿਨ੍ਹਾਂ ਨੂੰ ਸੌਂਪਣ ਲਈ ਸਰਕਾਰ ਨੇ 24 ਘੰਟਿਆਂ ਦਾ ਸਮਾਂ ਦਿੱਤਾ ਸੀ। ਪਾਕਿਸਤਾਨੀ ਮੀਡੀਆ ਮੁਤਾਬਕ ਜ਼ਮਾਨ ਪਾਰਕ ਵੱਲ ਜਾਣ ਵਾਲੇ ਰਸਤਿਆਂ ਨੂੰ ਪੁਲਿਸ ਨੇ ਬੰਦ ਕਰ ਦਿੱਤਾ ਹੈ। ਇਲਾਕੇ 'ਚ ਭਾਰੀ ਪੁਲਸ ਫੋਰਸ ਤਾਇਨਾਤ ਹੈ। ਪੰਜਾਬ ਪੁਲੀਸ ਦੇ ਮੁਖੀ ਨੇ ਪੁਲੀਸ ਨੂੰ ਚੌਕਸ ਰਹਿਣ ਦੇ ਹੁਕਮ ਦਿੱਤੇ ਹਨ।

ਖਾਨ ਨੇ ਬੁੱਧਵਾਰ ਨੂੰ ਇੱਕ ਵੀਡੀਉ ਟਵੀਟ ਕੀਤਾ ਜਿਸ ਵਿੱਚ ਉਸਨੇ ਦਾਅਵਾ ਕੀਤਾ ਕਿ ਜਦੋਂ ਮੈਂ ਰਾਸ਼ਟਰ ਨੂੰ ਸੰਬੋਧਿਤ ਕਰ ਰਿਹਾ ਸੀ ਤਾਂ ਪੁਲਿਸ ਦੀ ਇੱਕ ਵੱਡੀ ਟੁਕੜੀ ਅਤੇ ਦਰਜਨਾਂ ਵਾਹਨ ਮੇਰੇ ਘਰ ਦੇ ਬਾਹਰ ਮੇਰੇ ਘਰ ਦੇ ਆਲੇ-ਦੁਆਲੇ ਘੁੰਮ ਰਹੇ ਸਨ। ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਦੇਸ਼ ਤਬਾਹੀ ਵੱਲ ਵਧ ਰਿਹਾ ਹੈ। ਇੱਥੇ ਇੱਕ ਵਾਰ ਫਿਰ ਪੂਰਬੀ ਪਾਕਿਸਤਾਨ ਵਰਗੀ ਸਥਿਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਖਾਨ ਨੇ ਪੰਜਾਬ ਸਰਕਾਰ ਦੇ ਅੱਤਵਾਦੀਆਂ ਦੇ ਲੁਕੇ ਹੋਣ ਦੇ ਦਾਅਵੇ ਨੂੰ ਰੱਦ ਕਰ ਕੀਤਾ ਹੈ।

# ਇਟਲੀ 'ਚ ਮੀਂਹ ਦਾ ਕਹਿਰ, 36 ਘੰਟਿਆਂ 'ਚ ਰਿਕਾਰਡ 500 ਮਿਲੀਮੀਟਰ ਪਿਆ ਮੀਂਹ

*** ਹੁਣ ਤੱਕ 8 ਲੋਕਾਂ ਦੀ ਹੋਈ ਮੌਤ**

ਰੋਮ, 18 ਮਈ (ਪੋਸਟ ਬਿਊਰੋ): ਇਟਲੀ 'ਚ ਪਿਛਲੇ 36 ਘੰਟਿਆਂ ਦੌਰਾਨ ਭਾਰੀ ਅਤੇ ਰਿਕਾਰਡ ਤੋੜ ਮੀਂਹ ਨੇ ਤਬਾਹੀ ਮਚਾਈ ਹੋਈ ਹੈ। ਇਟਲੀ ਦੀਆਂ ਸੜਕਾਂ, ਗਲੀਆਂ ਅਤੇ ਲੋਕਾਂ ਦੇ ਘਰ ਪਾਣੀ ਵਿਚ ਡੁੱਬ ਗਏ ਹਨ। ਮੌਸਮ ਵਿਭਾਗ ਅਨੁਸਾਰ ਇਟਲੀ ਵਿਚ ਆਮ ਤੌਰ 'ਤੇ ਇਕ ਸਾਲ ਵਿਚ 1000 ਮਿਲੀਮੀਟਰ ਮੀਂਹ ਰਿਕਾਰਡ ਕੀਤਾ ਜਾਂਦਾ ਹੈ, ਜਦੋਂ ਕਿ ਪਿਛਲੇ 36 ਘੰਟਿਆਂ ਦੌਰਾਨ ਹੀ 500 ਮਿਲੀਮੀਟਰ ਮੀਂਹ ਰਿਕਾਰਡ ਕੀਤਾ ਗਿਆ ਹੈ। ਇਸ ਦੌਰਾਨ ਹੁਣ ਤੱਕ



ਕਰੀਬ 8 ਲੋਕਾਂ ਦੀ ਜਾਨ ਜਾ ਚੁੱਕੀ ਹੈ। ਹੜ੍ਹ ਨਾਲ ਹਜ਼ਾਰਾਂ ਲੋਕ ਪ੍ਰਭਾਵਿਤ ਹੋਏ ਹਨ। ਲੋਕਾਂ ਦੀ ਜਾਨ ਬਚਾਉਣ ਲਈ ਫੌਜ ਤਾਇਨਾਤ ਕੀਤੀ ਗਈ ਹੈ। ਹੜ੍ਹ 'ਚ ਫਸੇ ਲੋਕਾਂ ਨੂੰ ਹਵਾਈ ਜਹਾਜ਼ ਰਾਹੀਂ ਵੀ ਕੱਢਿਆ ਜਾ ਰਿਹਾ ਹੈ। ਇਸ ਕਾਰਨ ਹੜ੍ਹ ਅਤੇ ਮੀਂਹ ਦੀ ਤਬਾਹੀ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਇਟਲੀ ਦੇ ਅਧਿਕਾਰੀਆਂ ਮੁਤਾਬਕ ਦੇਸ਼ ਦੇ ਵੱਖ-ਵੱਖ ਹਿੱਸੇ ਭਿਆਨਕ ਬਾਰਿਸ਼ ਕਾਰਨ ਹੜ੍ਹਾਂ ਦੀ ਲਪੇਟ 'ਚ ਹਨ। ਇਨ੍ਹਾਂ ਵਿੱਚੋਂ ਐਮਿਲਿਆ ਰੋਮ-ਾਗਨਾ ਸਭ ਤੋਂ ਵੱਧ ਹੜ੍ਹ ਪ੍ਰਭਾਵਿਤ ਖੇਤਰ ਹੈ। ਇੱਥੇ ਲੋਕਾਂ ਦੇ ਘਰ ਪਾਣੀ ਵਿੱਚ ਡੁੱਬ ਗਏ ਹਨ ਅਤੇ ਕੁਝ ਘਰਾਂ ਦਾ ਉਪਰਲਾ ਹਿੱਸਾ ਹੀ ਪਾਣੀ ਦੇ ਉੱਪਰ ਨਜ਼ਰ ਆ ਰਿਹਾ ਹੈ। ਹੜ੍ਹ ਨਾਲ ਹਜ਼ਾਰਾਂ ਲੋਕ ਪ੍ਰਭਾਵਿਤ ਹੋਏ ਹਨ। ਇਟਲੀ ਦੀਆਂ ਜ਼ਿਆਦਾਤਰ ਸੜਕਾਂ ਦਰਿਆਵਾਂ ਬਣ ਗਈਆਂ ਹਨ। ਉਨ੍ਹਾਂ 'ਤੇ ਕਿਸ਼ਤੀ ਚੱਲ ਰਹੀ ਹੈ। ਕਈ ਥਾਵਾਂ 'ਤੇ ਭਿਆਨਕ ਜ਼ਮੀਨ ਖਿਸਕਣ ਕਾਰਨ ਲੋਕ ਬੇਘਰ ਹੋ ਗਏ ਹਨ। ਰਾਹਤ ਅਤੇ ਬਚਾਅ ਟੀਮਾਂ ਹੜ੍ਹ 'ਚ ਫਸੇ ਲੋਕਾਂ ਨੂੰ ਕੱਢਣ ਦੀ ਲਗਾਤਾਰ ਕੋਸ਼ਿਸ਼ ਕਰ ਰਹੀਆਂ ਹਨ। ਹੁਣ ਤੱਕ ਹਜ਼ਾਰਾਂ ਲੋਕਾਂ ਨੂੰ ਬਚਾਇਆ ਜਾ ਚੁੱਕਾ ਹੈ। ਜਦਕਿ ਸੈਂਕੜੇ ਲੋਕ ਅਜੇ ਵੀ ਕਿਸੇ ਦੀ ਮਦਦ ਦੀ ਉਡੀਕ ਕਰ ਰਹੇ ਹਨ।

# ਐਮਾਜ਼ੋਨ 'ਚ ਦੋ ਹਫ਼ਤੇ ਪਹਿਲਾਂ ਹਾਦਸਾਗ੍ਰਸਤ ਹੋਏ ਜਹਾਜ਼ ਵਿੱਚ 11 ਮਹੀਨਿਆਂ ਦੇ ਬੱਚੇ ਸਮੇਤ ਚਾਰ ਬੱਚੇ ਜ਼ਿੰਦਾ ਮਿਲੇ

ਕੋਲੰਬੀਆ, 18 ਮਈ (ਪੋਸਟ ਬਿਊਰੋ): ਬੀਤੀ 1 ਮਈ ਨੂੰ ਕੋਲੰਬੀਆ ਦੇ ਐਮਾਜ਼ੋਨ ਵਿਚ ਇਕ ਜਹਾਜ਼ ਹਾਦਸਾਗ੍ਰਸਤ ਹੋ ਗਿਆ ਸੀ, ਜਿਸ ਵਿਚ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ। ਉਦੋਂ ਤੋਂ ਸਰਚ ਆਪਰੇਸ਼ਨ ਚਲਾਇਆ ਜਾ ਰਿਹਾ ਸੀ। ਹੁਣ ਇਸ ਹਾਦਸੇ ਦੇ ਕਰੀਬ ਦੋ ਹਫ਼ਤਿਆਂ ਬਾਅਦ ਬੁੱਧਵਾਰ ਨੂੰ ਚਾਰ ਬੱਚੇ ਜ਼ਿੰਦਾ ਮਿਲੇ ਹਨ। ਇਹ ਜਾਣਕਾਰੀ ਖੁਦ ਰਾਸ਼ਟਰਪਤੀ ਗੁਸਤਾਵੋ ਪੈਟਰੋ ਨੇ ਦਿੱਤੀ ਹੈ।

ਪੈਟਰੋ ਨੇ ਕਿਹਾ ਕਿ ਫੌਜ ਨੇ ਮੁਸ਼ਕਲ ਤਲਾਸ਼ੀ ਮੁਹਿੰਮ ਚਲਾਈ ਅਤੇ ਅੱਜ ਉਨ੍ਹਾਂ ਨੂੰ ਜਿੱਤ ਮਿਲੀ ਹੈ। ਇਹ ਦੇਸ਼ ਲਈ ਖੁਸ਼ੀ ਦੀ ਗੱਲ ਹੈ। ਕੋਲੰਬੀਆ ਦੇ ਸੰਘਣੇ ਐਮਾਜ਼ਾਨ 'ਚ ਕਰੀਬ ਦੋ ਹਫਤੇ ਪਹਿਲਾਂ ਹੋਏ ਹਾਦਸੇ ਤੋਂ ਬਾਅਦ ਬੁੱਧਵਾਰ ਨੂੰ ਚਾਰ ਬੱਚੇ ਜ਼ਿੰਦਾ ਮਿਲੇ ਹਨ। ਇਨ੍ਹਾਂ ਵਿਚ ਇਕ 11 ਮਹੀਨੇ ਦਾ ਬੱਚਾ ਵੀ ਹੈ।

ਤੁਹਾਨੂੰ ਦੱਸ ਦਈਏ, ਅਧਿਕਾਰੀਆਂ ਨੇ ਸੁੰਘਣ ਵਾਲੇ ਕੁੱਤਿਆਂ ਨਾਲ ਸਰਚ ਅਭਿਆਨ ਵਿਚ 100 ਤੋਂ ਵੱਧ ਸੈਨਿਕਾਂ ਨੂੰ ਲਗਾਇਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਹਾਦਸੇ ਤੋਂ ਬਾਅਦ ਬੱਚੇ ਦੱਖਣੀ ਕਾਕੇਟਾ ਦੇ ਜੰਗਲ ਵਿਚ ਭਟਕ ਰਹੇ ਸਨ। ਇਨ੍ਹਾਂ ਬੱਚਿਆਂ ਦੀ ਉਮਰ 4, 9 ਅਤੇ 13 ਸਾਲ ਦੱਸੀ ਜਾ ਰਹੀ ਹੈ ਅਤੇ ਇਕ ਬੱਚਾ ਸਿਰਫ 11 ਮਹੀਨੇ ਦਾ ਹੈ। ਤਲਾਸ਼ੀ ਮੁਹਿੰਮ ਦੌਰਾਨ ਬੱਚੇ ਦੀ ਪੀਣ ਵਾਲੀ ਬੋਤਲ ਅਤੇ ਅੱਧਾ ਖਾਧਾ ਫਲ ਮਿਲਿਆ। ਇਸ ਤੋਂ ਬਾਅਦ ਤਲਾਸ਼ੀ ਤੇਜ਼ ਕਰ ਦਿੱਤੀ ਗਈ। ਇਸ ਤੋਂ ਪਹਿਲਾਂ ਸੋਮਵਾਰ ਅਤੇ ਮੰਗਲਵਾਰ ਨੂੰ ਸੈਨਿਕਾਂ ਨੂੰ ਪਾਇਲਟ ਅਤੇ ਦੋ ਬਾਲਗਾਂ ਦੀਆਂ ਲਾਸ਼ਾਂ ਮਿਲੀਆਂ ਸਨ। ਮਰਨ ਵਾਲੇ ਯਾਤਰੀਆਂ ਵਿੱਚੋਂ ਇੱਕ ਮੁਕੁਤੁਈ ਚਾਰ ਬੱਚਿਆਂ ਦੀ ਮਾਂ ਸੀ।

# ਐਵਰੈਸਟ ਦੇ ਬੇਸ ਕੈਂਪ 'ਤੇ ਤਬੀਅਤ ਵਿਗੜਨ ਕਾਰਨ ਭਾਰਤੀ ਪਰਬਤਾਰੋਹੀ ਦੀ ਮੌਤ

ਕਾਠਮੰਡੂ, 18 ਮਈ (ਪੋਸਟ ਬਿਊਰੋ): ਨੇਪਾਲ ਦੇ ਸੋਲਖੰਬ ਜ਼ਿਲੇ 'ਚ ਇਲਾਜ ਦੌਰਾਨ ਵੀਰਵਾਰ ਨੂੰ ਇਕ ਭਾਰਤੀ ਪਰਬਤਾਰੋਹੀ ਦੀ ਮੌਤ ਹੋ ਗਈ। ਨੇਪਾਲ ਦੇ ਸੈਰ ਸਪਾਟਾ ਵਿਭਾਗ ਨੇ ਇਸ ਦੀ ਪੁਸ਼ਟੀ ਕੀਤੀ ਹੈ।



ਨੇਪਾਲੀ ਸੈਰ-ਸਪਾਟਾ ਵਿਭਾਗ ਦੇ ਨਿਰਦੇਸ਼ਕ ਯੁਵਰਾਜ ਖਾਤੀਵਾੜਾ ਨੇ ਕਿਹਾ ਕਿ ਭਾਰਤੀ ਪਰਬਤਾਰੋਹੀ ਸੁਜ਼ੈਨ ਲਿਓਡੋਲਡਿਨਾ, ਜਿਸ ਨੂੰ ਪੇਸਮੇਕਰ ਲਗਾਇਆ ਗਿਆ ਸੀ, ਬੇਸ ਕੈਂਪ 'ਤੇ ਸਿਖਲਾਈ ਦੌਰਾਨ ਮਾਪਦੰਡਾਂ 'ਤੇ ਫਿੱਟ ਨਹੀਂ ਸੀ। ਇਸੇ ਲਈ ਉਸ ਨੂੰ ਮਾਊਂਟ ਐਵਰੈਸਟ 'ਤੇ ਚੜ੍ਹਨ ਤੋਂ ਮਨ੍ਹਾ ਕੀਤਾ ਗਿਆ ਸੀ, ਜਿਸ ਨੂੰ ਉਸ ਨੇ ਨਕਾਰ ਦਿੱਤਾ ਸੀ। ਸੁਜ਼ੈਨ 5800 ਮੀਟਰ ਤੱਕ ਚੜ੍ਹੀ ਪਰ ਸਿਹਤ ਖਰਾਬ ਹੋਣ ਕਾਰਨ ਉਸ ਨੂੰ ਵਾਪਸ ਹੇਠਾਂ ਉਤਾਰ ਲਿਆ ਗਿਆ। ਸੁਜ਼ੈਨ ਨੂੰ ਬੁੱਧਵਾਰ ਸ਼ਾਮ ਨੂੰ ਕਿਰਾਏ ਦੇ ਹੈਲੀਕਾਪਟਰ ਰਾਹੀਂ ਲੁਕਲਾ ਸ਼ਹਿਰ ਲਿਜਾਇਆ ਗਿਆ, ਜਿਸ ਨੂੰ ਉੱਥੇ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਖਾਤੀਵਾੜਾ ਮੁਤਾਬਕ, ਸੁਜ਼ੈਨ ਪੇਸਮੇਕਰ ਨਾਲ ਐਵਰੈਸਟ 'ਤੇ ਚੜ੍ਹਨ ਵਾਲੀ ਪਹਿਲੀ ਏਸ਼ੀਆਈ ਮਹਿਲਾ ਬਣ ਕੇ ਵਿਸ਼ਵ ਰਿਕਾਰਡ ਬਣਾਉਣਾ ਚਾਹੁੰਦੀ ਸੀ।

ਗਲੇਸ਼ੀਅਰ ਹਿਮਾਲੀਅਨ ਟ੍ਰੈਕ ਦੇ ਪ੍ਰਧਾਨ ਡੈਂਡੀ ਸ਼ੇਰਪਾ ਨੇ ਦੱਸਿਆ ਕਿ ਸੁਜ਼ੈਨ ਨੂੰ ਪੰਜ ਦਿਨ ਪਹਿਲਾਂ ਸਿਖਲਾਈ ਦੇਣ ਤੋਂ ਮਨ੍ਹਾਂ ਕਰ ਦਿੱਤਾ ਗਿਆ ਸੀ। ਸਿਖਲਾਈ ਦੌਰਾਨ, ਉਹ ਐਵਰੈਸਟ 'ਤੇ ਚੜ੍ਹਨ ਦੇ ਯੋਗ ਨਹੀਂ ਸੀ। ਪਰ ਸੁਜ਼ੈਨ ਸੁਣਨ ਲਈ ਤਿਆਰ ਨਹੀਂ ਸੀ। ਸ਼ੇਰਪਾ ਨੇ ਕਿਹਾ ਕਿ ਸੁਜ਼ੈਨ ਨੂੰ ਬੇਸ ਕੈਂਪ ਤੋਂ ਕ੍ਰੋਮਪਟਨ ਪੁਆਇੰਟ ਤੱਕ ਪਹੁੰਚਣ ਲਈ ਪੰਜ ਘੰਟੇ ਤੋਂ ਵੱਧ ਦਾ ਸਮਾਂ ਲੱਗਾ, ਜੋ ਕਿ ਸਿਰਫ਼ 250 ਮੀਟਰ ਲੰਬਾ ਸੀ। ਸ਼ੇਰਪਾਸ ਦੇ ਅਨੁਸਾਰ, ਇੱਕ ਪਰਬਤਾਰੋਹੀ ਆਮ ਤੌਰ 'ਤੇ ਇਹ ਦੂਰੀ 15-20 ਮਿੰਟਾਂ ਵਿੱਚ ਤੈਅ ਕਰਦਾ ਹੈ। ਪਰ ਸੁਜ਼ੈਨ ਨੂੰ ਪਹਿਲੀ ਕੋਸ਼ਿਸ਼ ਵਿੱਚ ਪੰਜ ਘੰਟੇ ਲੱਗ ਗਏ। ਜਦੋਂ ਕਿ ਦੂਜੇ ਵਿੱਚ ਛੇ ਅਤੇ ਤੀਜੇ ਵਿੱਚ 12 ਘੰਟੇ ਤੋਂ ਵੱਧ ਸਮਾਂ ਲੱਗਿਆ।

# ਅਮਰੀਕੀ ਅਦਾਲਤ ਨੇ 26/11 ਹਮਲੇ ਦੇ ਮੁਲਜ਼ਮ ਤਹੱਵੁਰ ਰਾਣਾ ਨੂੰ ਭਾਰਤ ਹਵਾਲਗੀ ਦੀ ਦਿੱਤੀ ਆਗਿਆ

ਵਾਸ਼ਿੰਗਟਨ, 18 ਮਈ (ਪੋਸਟ ਬਿਊਰੋ): ਅਮਰੀਕਾ ਦੀ ਇਕ ਅਦਾਲਤ ਨੇ 2008 ਦੇ ਮੁੰਬਈ ਅੱਤਵਾਦੀ ਹਮਲਿਆਂ ਦੇ ਮੁਲਜ਼ਮ ਪਾਕਿਸਤਾਨੀ ਮੂਲ ਦੇ ਕੈਨੇਡੀਅਨ ਕਾਰੋਬਾਰੀ ਤਹੱਵੁਰ ਰਾਣਾ ਦੀ ਭਾਰਤ ਹਵਾਲਗੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕੈਲੀਫੋਰਨੀਆ ਦੀ ਅਦਾਲਤ ਨੇ ਕਿਹਾ ਕਿ ਅਮਰੀਕਾ ਦੀ ਜੇਲ੍ਹ ਵਿੱਚ ਬੰਦ 26/11 ਹਮਲੇ ਵਿੱਚ ਲੋੜੀਂਦੇ ਰਾਣਾ ਨੂੰ ਭਾਰਤ ਭੇਜਿਆ ਜਾ ਸਕਦਾ ਹੈ।



ਭਾਰਤ ਨੇ 10 ਜੂਨ, 2020 ਨੂੰ ਹਵਾਲਗੀ ਦੇ ਮੱਦੇਨਜ਼ਰ 62 ਸਾਲਾ ਰਾਣਾ ਦੀ ਆਰਜ਼ੀ ਗ੍ਰਿਫਤਾਰੀ ਦੀ ਮੰਗ ਕਰਦੇ ਹੋਏ ਸ਼ਿਕਾਇਤ ਦਰਜ ਕਰਵਾਈ ਸੀ। ਬਾਈਡਨ ਪ੍ਰਸ਼ਾਸਨ ਨੇ ਰਾਣਾ ਦੀ ਭਾਰਤ ਹਵਾਲਗੀ ਦਾ ਸਮਰਥਨ ਕੀਤਾ ਸੀ ਅਤੇ ਮਨਜ਼ੂਰੀ ਦਿੱਤੀ ਸੀ।

16 ਮਈ (ਮੰਗਲਵਾਰ) ਦੇ 48 ਪੰਨਿਆਂ ਦੇ ਹੁਕਮ ਵਿੱਚ, ਯੂਐਸ ਡਿਸਟ੍ਰਿਕਟ ਕੋਰਟ ਸੈਂਟਰਲ ਡਿਸਟ੍ਰਿਕਟ ਆਫ ਕੈਲੀਫੋਰਨੀਆ ਦੇ ਮੈਜਿਸਟਰੇਟ ਜੱਜ ਜੈਕਲੀਨ ਚੁਲ-ਜਅਨ ਨੇ ਕਿਹਾ ਕਿ ਅਦਾਲਤ ਨੇ ਬੇਨਤੀ ਦੇ ਸਮਰਥਨ ਅਤੇ ਵਿਰੋਧ ਵਿੱਚ ਪੇਸ਼ ਕੀਤੇ ਗਏ ਸਾਰੇ ਦਸਤਾਵੇਜ਼ਾਂ ਦੀ ਸਮੀਖਿਆ ਕੀਤੀ ਹੈ ਅਤੇ ਉਹਨਾਂ ਦੇ ਆਧਾਰ ਤੇ ਪੇਸ਼ ਕੀਤੀਆਂ ਗਈਆਂ ਦਲੀਲਾਂ ਸੁਣਵਾਈ 'ਤੇ ਜੱਜ ਨੇ ਕਿਹਾ ਕਿ ਅਦਾਲਤ ਨੇ ਸਿੱਟਾ ਕੱਢਿਆ ਹੈ ਕਿ ਰਾਣਾ ਉਨ੍ਹਾਂ ਅਪਰਾਧਾਂ ਲਈ ਹਵਾਲਗੀਯੋਗ ਹੈ ਜਿਨ੍ਹਾਂ ਲਈ ਉਸ ਦੀ ਹਵਾਲਗੀ ਦੀ ਬੇਨਤੀ ਕੀਤੀ ਗਈ ਸੀ। ਇਹ ਹੁਕਮ ਬੁੱਧਵਾਰ ਨੂੰ ਜਾਰੀ ਕੀਤਾ ਗਿਆ ਸੀ।

RSFO
ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ
RSFO

ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ
(10ਵਾਂ ਅੰਤਰਰਾਸ਼ਟਰੀ ਐਵਾਰਡ ਸਮਾਗਮ 2023)
21 ਮਈ 2023, ਦਿਨ ਐਤਵਾਰ; ਸਮਾਂ 9:30 ਸਵੇਰ
ਸਥਾਨ- ਵੈਰਡੀ ਕਨਵੈਨਸ਼ਨ ਸੈਂਟਰ, 3550 ਡੇਰੀ ਰੋਡ (ਈਸਟ) ਮਿਸੀਸਾਗਾ








ਸੀਟ ਰਾਖਵੀ ਕਰਨ ਲਈ ਸੰਪਰਕ ਕਰੋ-
ਦਲਜੀਤ ਸਿੰਘ ਗੈਦੂ (416-305-9878), ਮਨਜੀਤ ਸਿੰਘ ਭੱਚੂ (416-275-2374)
ਅਤੇ ਹਰਦਿਆਲ ਸਿੰਘ ਝੀਤਾ (647-409-8915)
ਰਾਮਗੜ੍ਹੀਆ ਸਿੱਖ ਫਾਊਂਡੇਸ਼ਨ ਆਫ ਆਨਟਾਰੀਓ- 7956 ਟੋਰਬਰਮ ਰੋਡ ਯੂਨਿਟ ਨੰ. 40 (ਬੀ), ਬਰੈਂਪਟਨ (ਕੈਨੇਡਾ)




THANKS TO ALL TV, RADIO, AND PRINT MEDIA.

# ਇਸ ਸਾਲ ਅਲਾਸਕਾ ਤੱਕ ਜਾਣਗੇ ਸਿੱਖ ਮੋਟਰਸਾਈਕਲ ਕਲੱਬ ਦੇ ਮੈਂਬਰ



...ਪੰਨਾ 1 ਦਾ ਬਾਕੀ

ਇਸ ਦੌਰਾਨ ਪ੍ਰਧਾਨ ਲਖਵਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਕੋਵਿਡ-19 ਮਹਾਂਮਾਰੀ ਜਦੋਂ ਆਪਣੇ ਸਿਖਰ ਉੱਤੇ ਸੀ ਤਾਂ ਕਲੱਬ ਵੱਲੋਂ ਯੂਨਾਈਟਿਡ ਸਿੱਖਜ਼ ਨਾਲ ਰਲ ਕੇ ਕੈਨੇਡਾ ਭਰ ਵਿੱਚ 750,000 ਫੇਸ ਮਾਸਕ ਵੰਡੇ ਗਏ। ਫਰੰਟਲਾਈਨ ਵਰਕਰਜ਼ ਦੇ ਬਲੀਦਾਨ ਨੂੰ ਧਿਆਨ ਵਿੱਚ ਰੱਖਦਿਆਂ ਕਲੱਬ ਵੱਲੋਂ ਕਈ ਰਾਈਡਜ਼ ਵੀ ਮੁਹੱਈਆ ਕਰਵਾਈਆਂ ਗਈਆਂ। ਇਸੇ ਤਰ੍ਹਾਂ ਜਦੋਂ ਬ੍ਰਿਟਿਸ਼ ਕੋਲੰਬੀਆ ਵਿੱਚ ਹੜ੍ਹ ਆਏ ਸਨ ਤਾਂ ਸਿੱਖ ਮੋਟਰਸਾਈਕਲ ਕਲੱਬ ਦੇ ਮੈਂਬਰਾਂ ਵੱਲੋਂ ਹਰ ਤਰ੍ਹਾਂ ਦਾ ਬਣਦਾ ਯੋਗਦਾਨ ਨਿਰਸਵਾਰਥ ਦਿੱਤਾ ਗਿਆ ਸੀ। ਇੱਥੇ ਹੀ ਬੱਸ ਨਹੀਂ 560,000 ਡਾਲਰ ਦੇ ਫੰਡ ਵੀ ਇੱਕਠੇ ਕੀਤੇ ਗਏ ਸਨ ਤਾਂ ਕਿ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਕੀਤੀ ਜਾ ਸਕੇ। ਇਸ ਤੋਂ ਕਮਿਊਨਿਟੀ ਦਾ ਸੇਵਾ ਭਾਵ ਦਾ ਜਜ਼ਬਾ ਤੇ ਸਿੱਖੀ ਦੀਆਂ ਕਦਰਾਂ ਕੀਮਤਾਂ ਦੀ ਝਲਕ ਮਿਲਦੀ ਹੈ।

ਇਸ ਮੌਕੇ ਡਾਇਰੈਕਟਰ ਬਲਕਰਨ ਸਿੰਘ ਗਿੱਲ ਨੇ ਦੱਸਿਆ ਕਿ ਬੀਤੇ ਸਮੇਂ ਵਿੱਚ ਜਿਹੜੇ ਮਤਭੇਦ ਪੈਦਾ ਹੋਏ ਸੀ ਉਹ ਖ਼ਤਮ ਹੋ ਚੁੱਕੇ ਹਨ ਤੇ ਹੁਣ ਨਵੀਂ ਕਮੇਟੀ ਚੁਣੀ ਜਾ ਚੁੱਕੀ ਹੈ। ਸਾਰਿਆਂ ਵੱਲੋਂ ਰਲ ਕੇ ਕੰਮ ਕਰਨ ਦਾ ਤਹੱਈਆ ਵੀ ਲਿਆ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸਿੱਖ ਮੋਟਰਸਾਈਕਲ ਕਲੱਬ ਵੱਲੋਂ ਦੇਸ਼ ਦੀ ਰਾਖੀ ਲਈ ਸੇਵਾਵਾਂ ਨਿਭਾਉਣ ਸਮੇਂ ਅਪਾਹਜ ਹੋ ਚੁੱਕੇ ਸੈਨਿਕਾਂ ਦੀ ਮਦਦ ਲਈ "ਰਾਈਡ ਫੌਰ ਹੀਰੋਜ਼" ਦਾ ਆਯੋਜਨ ਕੀਤਾ ਗਿਆ ਹੈ। ਇਹ ਰਾਈਡ ਇਨ੍ਹਾਂ ਸੱਚੇ ਹੀਰੋਜ਼ ਦੇ ਲਾਮਿਸਾਲ ਸਮਰਪਣ ਲਈ ਇਨ੍ਹਾਂ ਨੂੰ ਸ਼ਰਧਾਂਜਲੀ ਵਜੋਂ ਦਿੱਤੀ ਜਾਵੇਗੀ। ਪਹਿਲੀ ਜੁਲਾਈ ਤੋਂ ਸਿੱਖ ਮੋਟਰਸਾਈਕਲ ਕਲੱਬ ਦੇ ਮੈਂਬਰਾਂ ਦਾ ਕਾਫਲਾ ਅਲਾਸਕਾ ਵੱਲ ਚਾਲੇ ਪਾਵੇਗਾ। ਇਸ ਦੌਰਾਨ ਇਨ੍ਹਾਂ ਸੈਨਿਕਾਂ ਦੀ ਮਦਦ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ ਤੇ ਇਨ੍ਹਾਂ ਦੀ ਮਦਦ ਲਈ ਫੰਡ ਇੱਕਠਾ ਕੀਤਾ ਜਾਵੇਗਾ।

# ਸੜਕਾਂ ਨੂੰ ਵਧੇਰੇ ਸੁਰੱਖਿਅਤ ਬਣਾਉਣ ਲਈ ਬਰੈਂਪਟਨ ਅਪਣਾਵੇਗਾ ਨਵੀਂ ਪਹੁੰਚ

ਬਰੈਂਪਟਨ, 18 ਮਈ (ਪੋਸਟ ਬਿਊਰੋ) : ਲੋਕਲ ਪੱਧਰ ਉੱਤੇ ਤੇਜ਼ ਰਫਤਾਰ ਨਾਲ ਗੱਡੀਆਂ ਚਲਾਉਣ ਤੇ ਅਸੁਰੱਖਿਅਤ ਡਰਾਈਵਿੰਗ ਨੂੰ ਠੱਲ੍ਹ ਪਾਉਣ ਲਈ ਬਰੈਂਪਟਨ ਵੱਲੋਂ ਨਵੀਂ ਪਹੁੰਚ ਅਪਣਾਈ ਜਾ ਰਹੀ ਹੈ। ਸਿਟੀ ਕਾਊਂਸਲ ਵੱਲੋਂ ਪਿੱਛੇ ਜਿਹੇ ਟਰੈਫਿਕ ਨੂੰ ਸ਼ਾਂਤ ਕਰਨ ਲਈ ਬਜਟ ਵਿੱਚ ਵਾਧਾ ਕੀਤਾ ਗਿਆ। ਇਸ ਲਈ ਖਾਸਤੌਰ ਉੱਤੇ ਟਰੈਫਿਕ ਕੈਮਰਿਆਂ, ਰੋਡ ਡਾਈਟਸ, ਸਪੀਡ ਬੰਪਸ, ਫਲੈਕਸੀ ਸਾਈਨ ਤੇ ਸਪੀਡ ਘਟਾਉਣ ਵਾਲੇ ਪਾਸੇ ਧਿਆਨ ਕੇਂਦਰਿਤ ਕੀਤਾ ਜਾਵੇਗਾ।

ਰੀਜਨਲ ਕਾਊਂਸਲਰ ਰੋਵੇਨਾ ਸੰਤੋਸ (ਵਾਰਡ 1 ਤੇ 5) ਦਾ ਇਹ ਮੰਨਣਾ ਹੈ ਕਿ ਟਰੈਫਿਕ ਨੂੰ ਸ਼ਾਂਤ ਕਰਨ ਲਈ ਚੁੱਕੇ ਜਾਣ ਵਾਲੇ ਕਦਮਾਂ ਦੇ ਚੰਗੇ ਨਤੀਜੇ ਨਿਕਲਣਗੇ। ਉਨ੍ਹਾਂ ਵੌਡਨ ਸਟਰੀਟ ਵੈਸਟ ਤੇ ਸੈਂਟਰ ਸਟਰੀਟ ਨੌਰਥ ਦੀ ਮਿਸਾਲ ਦਿੰਦਿਆਂ ਆਖਿਆ ਕਿ ਉੱਥੋਂ ਵਾਂਗ ਸਾਨੂੰ ਇੱਥੇ ਵੀ ਰੋਡ ਸੇਫਟੀ ਲਈ ਬਹੁ ਪੜਾਵੀ ਪਹੁੰਚ ਅਪਨਾਉਣੀ ਹੋਵੇਗੀ। ਉਨ੍ਹਾਂ ਆਖਿਆ ਕਿ ਭਾਵੇਂ ਅਸੀਂ ਪਹਿਲਾਂ ਹੀ ਇਸ ਇਲਾਕੇ ਵਿੱਚ ਗੱਡੀਆਂ ਦੀ ਰਫਤਾਰ ਘਟਾਉਣ ਲਈ ਕਈ ਕਦਮ ਚੁੱਕ ਚੁੱਕੇ ਹਾਂ, ਪਰ ਪੂਰੀ ਸਿਟੀ ਵਿੱਚ ਕਈ ਹੋਰਨਾਂ ਇਲਾਕਿਆਂ ਵਿੱਚ ਤੇਜ਼ ਰਫਤਾਰ ਨਾਲ ਚਲਾਈਆਂ ਜਾਣ ਵਾਲੀਆਂ ਗੱਡੀਆਂ ਕਾਰਨ ਚਿੰਤਾਂ ਬਣੀ ਹੋਈ ਹੈ।

ਉਨ੍ਹਾਂ ਆਖਿਆ ਕਿ ਸਿਟੀ ਵੱਲੋਂ ਸਾਡੀਆਂ ਸੜਕਾਂ ਨੂੰ ਸੁਰੱਖਿਅਤ ਬਣਾਉਣ ਲਈ ਕਈ ਤਰ੍ਹਾਂ ਦੇ ਮਾਪਦੰਡ ਅਪਣਾਏ ਜਾ ਰਹੇ ਹਨ ਜਿਵੇਂ ਕਿ ਸਪੀਡ ਕੈਮਰੇ ਲਾਉਣਾ। ਇਸ ਨਾਲ ਟਰੈਫਿਕ ਦਾ ਫਲੋਅ ਪਤਾ ਲੱਗਣ ਦੇ ਨਾਲ ਨਾਲ ਇਹ ਵੀ ਪਤਾ ਲੱਗੇਗਾ ਕਿ ਤੇਜ਼ ਰਫਤਾਰ ਗੱਡੀਆਂ ਚਲਾ ਕੇ ਨਿਯਮਾਂ ਦੀ ਉਲੰਘਣਾਂ ਕੌਣ ਕਰਦਾ ਹੈ। ਇਸ ਦੇ ਨਾਲ ਹੀ ਸਪੀਡ ਕੁਸ਼ਨਜ਼ ਵੀ ਬਣਾਏ ਜਾਣਗੇ। ਜਿਨ੍ਹਾਂ ਨਾਲ ਵੱਡੀਆਂ ਬੱਸਾਂ ਤੇ ਐਮਰਜੰਸੀ ਗੱਡੀਆਂ ਤਾਂ ਅਰਾਮ ਨਾਲ ਨਿਕਲ ਸਕਦੀਆਂ ਹਨ ਪਰ ਨਿੱਕੀਆਂ ਗੱਡੀਆਂ ਨੂੰ ਹੌਲੀ ਰਫਤਾਰ ਨਾਲ ਲੰਘਾਉਣਾ ਪੈਂਦਾ ਹੈ। ਇਸ ਦੇ ਨਾਲ ਹੀ ਰੋਡ ਡਾਈਟਸ ਦੀ ਮਦਦ ਵੀ ਟਰੈਫਿਕ ਨੂੰ ਕੰਟਰੋਲ ਕਰਨ ਲਈ ਕੀਤੀ ਜਾਵੇਗੀ। ਇਸ ਤਹਿਤ ਸੜਕ ਉੱਤੇ ਸਪੇਸ ਨੂੰ ਨਿੱਕੀਆਂ ਲੇਨਜ਼ ,ਚੌੜੇ ਸਾਈਡਵਾਕਸ, ਪੇਂਟ ਕੀਤੇ ਗਏ ਮੋੜ ਤੇ ਸਮਰਪਿਤ ਸਾਈਕਲਿੰਗ ਲੇਨਜ਼ ਵਿੱਚ ਬਦਲ ਦਿੱਤਾ ਜਾਂਦਾ ਹੈ।



2022 ਵਿੱਚ ਵਾਰਡਜ਼ 1 ਤੇ 5 ਦੀਆਂ ਕਈ ਸੜਕਾਂ ਉੱਤੇ ਫਲੈਕਸੀ ਸਾਈਨਜ਼ ਲਾਏ ਵੀ ਗਏ ਸਨ। ਇਹ ਸਾਈਨ ਗੱਡੀਆਂ ਤੋਂ ਹੋਣ ਵਾਲੇ ਨੁਕਸਾਨ ਨੂੰ ਜਰਨ ਤੇ ਗੱਡੀਆਂ ਦੀ ਟੱਕਰ ਦੇ ਮਾਮਲੇ ਵਿੱਚ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਲਈ ਤਿਆਰ ਕੀਤੇ ਜਾਂਦੇ ਹਨ। ਇਨ੍ਹਾਂ ਨੂੰ ਸੜਕ ਦੇ ਵਿਚਕਾਰ ਲਾਇਆਂ ਜਾਂਦਾ ਹੈ। ਇਹ ਸਾਈਨ ਟਰੈਫਿਕ ਦੀ ਰਫਤਾਰ ਘਟਾਉਣ ਤੇ ਹਾਦਸਿਆਂ ਤੋਂ ਬਚਾਉਣ ਵਿੱਚ ਮਦਦਗਾਰ ਸਾਬਤ ਹੋਏ ਹਨ। ਟਰੈਫਿਕ ਉਲੰਘਣਾਵਾਂ ਕਾਰਨ ਹੋਣ ਵਾਲੀਆਂ ਮੌਤਾਂ ਤੇ ਗੰਭੀਰ ਜ਼ਖ਼ਮੀ ਹੋਣ ਦੇ ਮਾਮਲਿਆਂ ਨੂੰ ਘਟਾਉਣ ਲਈ ਵਿਜ਼ਨ ਜ਼ੀਰੋ ਨੂੰ ਸਿਟੀ ਵੱਲੋਂ ਪਹਿਲ ਦਿੱਤੀ ਜਾ ਰਹੀ ਹੈ। ਸਾਰੇ ਯੂਜ਼ਰਜ਼ ਲਈ ਸੇਫ ਤੇ ਸਥਿਰ ਟਰਾਂਸਪੋਰਟੇਸ਼ਨ ਸਿਸਟਮ ਲਿਆਉਣ ਲਈ ਰੋਡ ਡਿਜ਼ਾਈਨ ਵਿੱਚ ਸੁਧਾਰ ਕਰਨਾ, ਟਰੈਫਿਕ ਨਿਯਮਾਂ ਨੂੰ ਲਾਗੂ ਕਰਨਾ ਤੇ ਲੋਕਾਂ ਨੂੰ ਇਨ੍ਹਾਂ ਨਿਯਮਾਂ ਤੋਂ ਜਾਣੂ ਕਰਵਾਉਣ ਲਈ ਅਹਿਮ ਉਪਰਾਲੇ ਕੀਤੇ ਜਾ ਰਹੇ ਹਨ। ਸਿਟੀ ਕਾਊਂਸਲ ਨੇ ਕੁੱਝ ਚੋਣਵੇਂ ਇਲਾਕਿਆਂ ਵਿੱਚ ਸਪੀਡ ਲਿਮਿਟ ਘਟਾਉਣ ਲਈ ਪਾਇਲਟ ਪ੍ਰੋਗਰਾਮ ਸ਼ੁਰੂ ਕੀਤਾ ਹੈ। ਇਸ ਤਹਿਤ ਸੱਭ ਤੋਂ ਪਹਿਲਾਂ ਰੌਇਲ ਵੈਸਟ ਡਰਾਈਵ ਤੇ ਐਲਬਰਨ ਮਾਰਕਲ ਡਰਾਈਵ ਇਲਾਕਿਆਂ ਉੱਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਇਸ ਦੌਰਾਨ ਸੜਕਾਂ ਨੂੰ ਵਧੇਰੇ ਸੁਰੱਖਿਅਤ ਬਣਾਉਣ ਲਈ ਵਾਧੂ ਫੰਡ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਜਨਤਾ ਨੂੰ ਜਾਗਰੂਕ ਕਰਨ ਲਈ ਕੈਂਪੇਨਜ਼, ਐਜੂਕੇਸ਼ਨਲ ਪ੍ਰੋਗਰਾਮ ਤੇ ਕਮਿਊਨਿਟੀ ਨੂੰ ਸ਼ਾਮਲ ਕਰਨ ਲਈ ਨਵੀਆਂ ਪਹਿਲਕਦਮੀਆਂ ਸ਼ੁਰੂ ਕੀਤੀਆਂ ਜਾਣਗੀਆਂ।

# ਸੇਵਾ ਕੇਂਦਰਾਂ 'ਚ ਅਦਾ ਕੀਤੀ ਜਾਂਦੀ ਫ਼ੀਸ ਦੀ ਹੁਣ ਮਿਲੇਗੀ ਡਿਜੀਟਲ ਰਸੀਦ


## CHANGE OF NAME

**I, Gurpreet Singh Deol** son of Jagjeet Singh Deol, born on 19 August 1993 , resident of **Village Zirakh, PO. Lehal, Tehsil Payal, Distt Ludhiana, Punjab, India 141117** and presently residing at **12 Niven Place, Brampton ON Canada L6S 5T7,** do hereby change my name from **Gurpreet Singh Deol** to **Hukam Singh Deol,** with immediate effect .


ਫ਼ਰੀਦਕੋਟ, 18 ਮਈ (ਗਿਆਨ ਸਿੰਘ): ਪੰਜਾਬ ਸਰਕਾਰ ਦੇ ਪ੍ਰਸ਼ਾਸਨਿਕ ਸੁਧਾਰ ਵਿਭਾਗ ਵੱਲੋਂ ਰਾਜ ਵਿੱਚ ਜਨਤਕ ਨਾਗਰਿਕ ਸੇਵਾਵਾਂ ਦੇਣ ਲਈ ਚਲਾਏ ਜਾਂਦੇ ਸੇਵਾ ਕੇਂਦਰਾਂ 'ਚ ਕਾਗਜ਼ ਦੀ ਬੱਚਤ ਕਰਨ ਦੇ ਮੰਤਵ ਨਾਲ ਕਿਸੇ ਵੀ ਸੇਵਾ ਲਈ ਅਦਾ ਕੀਤੀ ਗਈ ਫ਼ੀਸ ਦੀ 'ਪੇਪਰ ਰਸੀਦ' ਦੀ ਥਾਂ ਮੋਬਾਇਲ ਦੇ 'ਟੈਕਸਟ ਮੈਸੇਜ' ਰਾਹੀਂ ਡਿਜੀਟਲ ਰਸੀਦ ਦੇਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਨਾਲ ਕਾਗਜ਼ ਦੀ ਵੱਡੇ ਪੱਧਰ 'ਤੇ ਬੱਚਤ ਹੋਵੇਗੀ।

ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਨੇ ਦੱਸਿਆ ਕਿ ਜ਼ਿਲ੍ਹੇ 'ਚ ਕੰਮ ਕਰਦੇ ਸੇਵਾ ਕੇਂਦਰਾਂ 'ਚ ਜੋ ਅਰਜ਼ੀਆਂ ਪ੍ਰਾਪਤ ਹੁੰਦੀਆਂ ਹਨ,

## ਡਿਜੀਟਲ ਰਸੀਦਾਂ ਦੇ ਆਉਣ ਨਾਲ ਬਚਾਇਆ ਜਾਵੇਗਾ ਪੇਪਰ : ਡਿਪਟੀ ਕਮਿਸ਼ਨਰ

ਇਨ੍ਹਾਂ ਵਿੱਚੋਂ ਇੱਕ ਰਸੀਦ ਪੇਪਰ 'ਤੇ ਪ੍ਰਿੰਟ ਕਰਕੇ ਬਿਨੇਕਾਰ ਨੂੰ ਅਤੇ ਦੂਸਰੀ ਉਸ ਦੀ ਅਰਜ਼ੀ ਨਾਲ ਲਾਈ ਜਾਂਦੀ ਸੀ।

ਇਸ ਤਰ੍ਹਾਂ ਹੁਣ ਇਨ੍ਹਾਂ ਬਿਨੇਕਾਰਾਂ ਨੂੰ 'ਪੇਪਰ ਰਸੀਦ' ਦੀ ਥਾਂ 'ਐਸ ਐਮ ਐਸ ਆਧਾਰਿਤ ਲਿੰਕ' ਰਸੀਦ ਮਿਲਣ ਨਾਲ ਅਤੇ ਫ਼ਾਈਲ ਨਾਲ ਲਾਈ ਜਾਣ



ਵਾਲੀ ਰਸੀਦ, ਬਿਨੇਕਾਰ ਦੀ ਅਰਜ਼ੀ ਦੇ ਪਿਛਲੇ ਪਾਸੇ ਹੀ ਪ੍ਰਿੰਟ ਕਰਨ ਨਾਲ ਜ਼ਿਲ੍ਹੇ ਵਿੱਚ 'ਏ ਫ਼ੋਰ' ਪੇਪਰ ਬਚਾਏ ਜਾ ਸਕਣਗੇ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਸੈਲ ਐਡ ਫਿਕਸ

ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## Visions of Punjab

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

## ਲੜਕੇ ਦੀ ਲੋੜ

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

You can Place Your Business Here To Reach Wider Audience (905)793-2202
For more info Call 905-793-2202 or e-mail ads@punjabipost.ca

## STARLANE PAINTING

Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

You can Place Your Business Here To Reach Wider Audience (905)793-2202
For more info Call 905-793-2202 or e-mail ads@punjabipost.ca

